# ਪਰਮਾਤਮਾ ਦਾ ਕਵਚ





## शिक्षक हस्तपुस्तिका
## सर्व वयोगटासाठी

# ਪਰਮਾਤਮਾ ਦਾ ਕਵਚ

### ਸਾਰੀਆਂ ਉਮਰਾਂ ਵਾਸਤੇ ਅਧਿਆਪਕ ਦੀ ਕਿਤਾਬ




### ਐਤਵਾਰ ਦਾ ਸਕੂਲੀ ਪ੍ਰੋਗਰਾਮ "ਵਿਦਿਆਰਥੀ ਜਰੂਰੀ ਹਨ" ਵੱਲੋਂ

**ਵੈਬ:** [www.ChildrenAreImportant.com/armour/](http://www.ChildrenAreImportant.com/armour/)


### "ਵਿਦਿਆਰਥੀ ਜਰੂਰੀ ਹਨ" ਦੀ ਪੂਰੀ ਟੀਮ ਨੂੰ ਧੰਨਵਾਦ!

**ਮੁੱਖ ਸੰਪਾਦਕ**: Kristina Krauss

**ਰਚਨਾਤਮਕ ਟੀਮ**: : Abril Palacios Camacho, Areli Zuriel Salinas Sanchez, Dwight Krauss, Jacob Kuruvilla, Jennifer Sánchez Nieto, Julio Sánchez Nieto, Mike Kangas, Monserrat Duran Díaz, Rubén Darío, Suki Kangas, Verónica Toj, and Vickie Kangas.

Thanks to Rubén Darío for the wonderful music in this program.

**ਟ੍ਰਾਂਸਲੇਸ਼ਨ ਟੀਮ**: Ali Atuha, Aline Xavier, Annupama Wankhede, Anton Klymyk, Araz Mammadzadeh, Aroma Publications and Media, Arturo Jr Boron, Blessy Jacob, Carla Mayumi, Carmela Dawn Flores, Chrisbresnahan, David Raju, Ephraim Njuguna Mirobi, Finny Jacob, Geenav, HamidReza Azimi (hamid.azimi1364 at gm#ail com), Heyaudrey, I-clever.com, iqbalman, Jacob Kuruvilla, kamilturk, Karunguru Mwangi, kiran, Krauz1, Maitrayi Mondal, Marco Chu, Marcos Rocha, Mathew Das, Mitesh Mandaliya, mrramlama, Mrs.Geethashree NavaneethaKrishnan, Nassim Bougtaia, nicbenk, Paul Mwangi, Paul Septan, Rana922, Rubina Rai, Sabrina Benny John, Safdar Khan, shahroshan15, SubtitleMe, Talento-Unido, ueritom, Verdia Juliansyah Cancerika, Yeoh Jung Chin, and Zeina Mirella Barzaga Arencibia.

## ਜਾਣ ਪਛਾਣ




ਭਰਾ ਅਤੇ ਭੈਣਾਂ,

ਇਸ ਸਮੇਂ ਪ੍ਰਮਾਤਮਾ ਦੀ ਫੌਜ ਵਿੱਚ ਅਸੀਂ ਤੁਹਾਨੂੰ ਸਰਜੈਂਟ ਅਫਸਰ ਬਣਾਉਂਦੇ ਹਾਂ! ਤੁਹਾਡੀ ਚਰਚ ਵਿੱਚ ਹਰ ਕੋਈ "ਪਰਮਾਤਮਾ ਦਾ ਕਵਚ" ਦੀਆਂ ਇਹਨਾਂ ਚੀਜ਼ਾਂ ਵਿੱਚ ਹਿੱਸਾ ਲੈਣਾ ਚਾਹੇਗਾ। ਉਹ ਇੱਕ ਮਜੇਦਾਰ ਰੈਲੀ/ਖੇਡ ਤੋਂ ਸ਼ੁਰੂਆਤ ਕਰ ਸਕਦੇ ਹਨ ਜੋ ਗੁਆਟੇਮਾਲਾ ਸਿਲਵੀਆ ਡਿਲੀਓ, ਮਾਰੀਓ ਵਲਾਸਕੇਜ਼ ਅਤੇ ਉਹਨਾਂ ਦੀ ਸਾਰੀ ਸਹਾਇਕ ਟੀਮ ਨੇ ਬਣਾਈ ਹੈ। ਤੇ ਫਿਰ ਮਜ਼ਾ ਆਉਂਦਾ ਜਾਏਗਾ ਕਿਉਂਕਿ ਉਹ ਸੂਕੀ ਕੈਂਗਸ ਦੁਆਰਾ ਲਿਖੇ ਗਏ ਨਵੇਂ ਨਾਟਕਾਂ/ਸਕਿੱਟਾਂ ਕਰਕੇ ਅਪਣਾ ਹਾਸਾ ਨਹੀਂ ਰੋਕ ਪਾਉਣਗੇ। ਜਦੋਂ ਜੈਨੀ ਸੈਂਚੇਜ਼ ਵੀਡੀਓ ਐਡਿਟ ਕਰਦੀ ਹੈ ਤਾਂ ਉਸਨੂੰ ਹੱਸਦੇ ਵੇਖ ਕੇ ਬਹੁਤ ਮਜ਼ਾ ਆਉਂਦਾ ਹੈ ਜਦੋਂ ਕਿ ਸਰਜੈਂਟ ਅੱਪਰਾਈਟ ਅਫਸਰ (ਮਾਈਕ ਕੈਂਗਸ) ਅਤੇ ਦੋਨੋਂ ਸਿਪਾਹੀ, ਗਿਗਲ ਸਿਪਾਹੀ (ਸੂਕੀ ਕੈਂਗਸ) ਅਤੇ ਡੂਟੀ ਸਿਪਾਹੀ (ਫਲੋਰ ਬੋਲਡੋ) ਬਹੁਤ ਹੀ ਮਜ਼ੇ ਨਾਲ ਨਾਟਕ ਕਰ ਰਹੇ ਹਨ। ਤੇ ਜੇਕਰ ਸੂਕੀ ਦੇ ਨਾਟਕ ਤੁਹਾਡੇ ਚਿਹਰੇ ਟੀ ਮੁਸਕਰਾਹਟ ਨਹੀਂ ਲਿਆਉਂਦੇ, ਤਾਂ ਪੂਰੇ ਪੈਕੇਜ ਵਿੱਚੋਂ ਆਪਣਾ ਨਵਾਂ ਡਿਜ਼ਾਈਨ ਦੇਖੋ। ਮੈਨੂੰ ਅਧਿਆਪਕ ਦੀ ਕਿਤਾਬ ਦਾ ਕਵਰ ਬਹੁਤ ਪਸੰਦ ਆਇਆ, ਅਤੇ ਸਰਜੈਂਟ ਅੱਪਰਾਈਟ ਅਫਸਰ ਇਹ ਦੇਖਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਇਹਨਾਂ ਸਾਰੇ ਸਿਪਾਹੀਆਂ ਨਾਲ ਕੀ ਕਰੇਗਾ! (ਸ਼ਾਇਦ ਇਹ ਤੁਹਾਡੀ ਕਲਾਸ ਵਾਂਗ ਦਿਖਦਾ ਹੈ?)

ਮੈਨੂੰ ਪੂਰਾ ਯਕੀਨ ਹੈ ਕਿ ਇਹ ਪ੍ਰੋਗਰਾਮ ਤੁਹਾਡੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰੇਗਾ ਕਿ ਉਹ 'ਪ੍ਰਮਾਤਮਾ ਦਾ ਕਵਚ' ਸਿਰਫ ਯਾਦ ਹੀ ਨਾ ਰੱਖਣ, ਸਗੋਂ ਇਸਨੂੰ ਜਿਉਣ ਵੀ। ਸੂਕੀ ਦੇ ਨਵੇਂ ਬੈਜਾਂ ਨਾਲ ਆਪਣਾ ਰੈਂਕ ਵਧਦਾ ਦੇਖ ਕੇ ਬੱਚੇ ਬਹੁਤ ਜਿਆਦਾ ਪ੍ਰੇਰਿਤ ਹੋਣਗੇ, ਅਤੇ ਇੱਥੋਂ ਤੱਕ ਕਿ ਹਰ ਅਧਿਆਪਕ ਦਾ ਮੋਢਾ ਇਹਨਾਂ ਬੈਜਾਂ ਨਾਲ ਚਮਕੇਗਾ। ਸਿਰਫ ਬੱਚੇ ਹੀ ਇਹਨਾਂ ਕ੍ਰਾਫਟਾਂ ਨਾਲ ਮਜ਼ੇ ਨਹੀਂ ਕਰਨਗੇ, ਸਗੋਂ ਅਧਿਆਪਕ ਵੀ ਹਿੱਸਾ ਲੈਣਾ ਚਾਹੁਣਗੇ, ਕਿਉਂਕਿ ਫਲੋਰ ਬੋਲਡੋ ਨੇ ਇਹਨਾਂ ਨੂੰ ਇੰਨਾ ਪਿਆਰਾ ਜੋ ਬਣਾਇਆ ਹੈ। ਮੈਨੂੰ ਆਪਣੀ ਬਾਈਬਲ ਲਈ ਖੁਦ ਦਾ ਇੱਕ ਬੁੱਕਮਾਰਕ ਚਾਹੀਦਾ ਹੈ! ਵਿਦਿਆਰਥੀਆਂ ਦੀਆਂ ਨਵੀਆਂ ਕਿਤਾਬਾਂ ਬਹੁਤ ਪਿਆਰੀਆਂ ਹਨ, ਜੋ ਮੌਂਸ ਡਿਉਰਨ ਦੁਆਰਾ ਬਣਾਈਆਂ ਗਈਆਂ ਹਨ, ਨਾਲ ਹੀ ਨਵੇਂ ਡਿਜ਼ਾਈਨ ਅਤੇ ਨਵੀਂਆਂ ਡਰਾਇੰਗਾਂ ਹਨ ਜੋ ਡਗਲਸ।985 ਕਲਾਕਾਰ ਦੁਆਰਾ ਬਣਾਈਆਂ ਗਈਆਂ ਹਨ, ਅਤੇ ਇੱਥੋਂ ਤਕ ਕਿ ਇੰਝ ਲੱਗਦਾ ਹੈ ਕਿ ਉਹਨਾਂ ਭੁੱਲ-ਭੁੱਲਈਆ ਦਾ ਹੱਲ ਕਰਨ ਲਈ ਅਧਿਆਪਕ ਵੀ ਵਿਦਿਆਰਥੀਆਂ ਦੀ ਐਡਵਾਂਸਡ ਕਿਤਾਬ ਲੈਣਾ ਚਾਹੁਣਗੇ!

ਪਰ ਇਹ ਪ੍ਰੋਗਰਾਮ ਸਿਰਫ ਮਜ਼ੇਦਾਰ ਹੀ ਨਹੀਂ ਹੈ! ਕਿਤਾਬਾਂ ਦੇ ਸਭ ਹਿੱਸਿਆਂ ਵਿੱਚ ਸੁਨੇਹੇ ਦਿੱਤੇ ਗਏ ਹਨ, ਜੋ ਪਾਠ ਮੈਂ ਲਿਖੇ ਹਨ ਉਹਨਾਂ ਵਿੱਚ, ਸਵਾਲਾਂ ਤੇ ਜਵਾਬਾਂ ਦੇ ਡੂੰਘੇ ਵਿਸ਼ਿਆਂ ਵਿੱਚ ਅਤੇ ਵਿੱਕੀ ਕੈਂਗਸ ਦੁਆਰਾ ਲਿਖੀਆਂ ਗਈਆਂ ਮਿੱਡਵੀਕ ਅਸਾਈਨਮੈਂਟਾਂ ਵਿੱਚ ਹੀ ਇਹ ਸੁਨੇਹੇ ਦਿੱਤੇ ਗਏ ਹਨ। ਗਾਣਿਆਂ 'ਚ ਦਿੱਤੇ ਦਿਲ ਨੂੰ ਛੋਹ ਜਾਣ ਵਾਲੇ ਉਹਨਾਂ ਸਿੱਧੇ ਸੁਨੇਹਿਆਂ ਨੂੰ ਅਸੀਂ ਕਿਵੇਂ ਭੁੱਲ ਸਕਦੇ ਹਾਂ, ਜੋ ਸਾਰੇ ਮਾਈਕ ਕੈਂਗਸ ਨੇ ਲਿਖੇ ਹਨ, ਤੇ ਕਿਤਾਬਾਂ ਦੇ ਪਿੱਛੇ ਦਿੱਤੇ ਵਟਸਐਪ ਦੇ ਉਹਨਾਂ ਨਵੇਂ ਸੁਨੇਹਿਆਂ ਨੂੰ ਵੀ ਕਿਵੇਂ ਭੁੱਲ ਸਕਦੇ ਹਾਂ ਜੋ ਫਲੋਰ ਬੋਲਡੋ ਨੇ ਲਿਖੇ ਹਨ।

ਗਾਣਿਆਂ ਦੀ ਗੱਲ ਕਰੀਏ ਤਾਂ, ਮੈਨੂੰ ਉਹਨਾਂ ਸਾਰਿਆਂ ਦਾ ਜ਼ਿਕਰ ਕਰਨਾ ਪਵੇਗਾ ਜਿਨ੍ਹਾਂ ਨੇ ਮੇਰੇ ਨਾਲ ਗਾਇਆ, ਅੰਗਰੇਜ਼ੀ ਅਤੇ ਸਪੈਨਿਸ਼ ਦੋਨਾਂ ਵਿੱਚ, ਤਾਂ ਜੋ ਕਵਚ ਦੇ 10 ਗੀਤ ਪੂਰੇ ਸੋਹਣੇ, ਮਜ਼ੇਦਾਰ ਤੇ ਇੱਕ ਮਜ਼ਬੂਤ ਸੁਨੇਹੇ ਨਾਲ ਸਾਹਮਣੇ ਆ ਸਕਣ। ਐਂਡੀ ਕੈਂਗਸ, ਜੈਸਿਕਾ ਮੇਸ਼ੈਲ ਅਤੇ ਔਸਟਿਨ ਮੇਸ਼ੈਲ ਦਾ ਬਹੁਤ-ਬਹੁਤ ਧੰਨਵਾਦ ਜੋ ਉਹਨਾਂ ਨੇ ਅੰਗਰੇਜ਼ੀ ਦੀ ਸੀਡੀ ਵਿੱਚ ਮੇਰੀ

ਮਦਦ ਕੀਤੀ ਅਤੇ ਮੇਰੇ ਨਾਲ ਸਪੈਨਿਸ਼ ਵਿੱਚ ਗਾਉਣ ਲਈ ਮਾਈਕ ਕੈਂਗਸ ਤੇ ਫਲੋਰ ਬੋਲਡੋ ਦਾ ਵੀ ਬਹੁਤ ਧੰਨਵਾਦ| ਪਰ ਫਿਰ ਸੂਕੀ ਨੇ ਆਪਣੇ ਰਚਨਾਤਮਕ ਹੁਨਰ ਨਾਲ ਇਹਨਾਂ ਗਾਣਿਆਂ 'ਚ ਹੋਰ ਜਾਨ ਪਾ ਦਿੱਤੀ, ਅਤੇ ਮੇਰਾ ਪਸੰਦੀਦਾ ਪਲ ਉਹ ਹੈ ਜਦੋਂ ਪੂਰੀ ਟੀਮ ਡੇਵਿਡ, ਜੂਲੀਓ, ਫਲੋਰ, ਮੌਂਸ, ਜੈਨੀ ਅਤੇ ਸੂਕੀ ਨਾਲ ਆਉਂਦੀ ਹੈ|

ਅਸਲ ਵਿੱਚ, ਇਹ ਕੰਮ ਪੂਰੀ ਟੀਮ ਦਾ ਹੈ, ਸ਼ੁਰੂ 'ਚ ਪ੍ਰਾਰਥਨਾ ਹੁੰਦੀ ਹੈ, ਫਿਰ ਜੂਲੀਓ ਸੈਂਚੇਜ਼, ਮੈਕਸਿਕੋ ਅਤੇ ਗੁਆਟੇਮਾਲਾ ਵਿੱਚ ਹੋਈ ਪ੍ਰਿੰਟਡ ਮਾਲ ਦੀ ਵਿਕਰੀ ਦਾ ਆਖਰੀ ਵੇਰਵਾ ਕੱਢਦਾ ਹੈ ਅਤੇ ਫਿਰ ਮਾਈਕ ਕੈਂਗਸ ਸਾਰੀਆਂ ਭਾਸ਼ਾਵਾਂ ਨੂੰ ਵੈੱਬਸਾਈਟ 'ਤੇ ਪਾਉਂਦਾ ਹੈ ਤਾਂ ਜੋ ਤੁਸੀਂ ਉਹਨਾਂ ਨੂੰ ਮੁਫ਼ਤ 'ਚ ਡਾਉਨਲੋਡ ਕਰ ਸਕੋ| ਅਤੇ ਹਾਂ ਸੱਚ, ਗੁਆਟੇਮਾਲਾ ਦੇ ਵਰੋਨਿਕਾ ਤੋਜ ਦਾ ਨਾਂ ਲੈਣਾ ਤਾਂ ਬਣਦਾ ਹੈ ਜੋ ਫੇਸਬੁੱਕ ਦਾ ਕੰਮ ਸੰਭਾਲਦੇ ਹਨ ਅਤੇ ਭਾਰਤ ਦੇ ਬਲੈੱਸੀ ਜੇਕੋਬ ਦਾ ਵੀ ਜੋ ਭਾਰਤ ਦੀ ਟ੍ਰਾਂਸਲੇਸ਼ਨ ਦਾ ਕੰਮ ਸੰਭਾਲਦੇ ਹਨ| ਅਤੇ ਫਲੋਰ ਬੋਲਡੋ ਦਾ ਬਹੁਤ-ਬਹੁਤ ਧੰਨਵਾਦ ਜੋ ਉਹਨਾਂ ਨੇ ਮੈਨੂੰ ਹਰ ਚੀਜ਼ ਐਡਿਟ ਕਰਨ 'ਚ ਬਹੁਤ ਮਦਦ ਕੀਤੀ|

ਸਾਰੀ ਟੀਮ ਨੂੰ ਵਧਾਈਆਂ, ਜੋ ਤੁਸੀਂ ਆਪਣੇ ਪਿਆਰ, ਰਚਨਾਤਮਕ ਹੁਨਰ ਤੇ ਸਰਵਿਸ ਨਾਲ ਇਸ ਪ੍ਰੋਗਰਾਮ ਨੂੰ ਸੁਧਾਰਿਆ| ਤੁਹਾਡੇ ਬਿਨਾਂ, ਮੇਰੇ ਤੋਂ ਕੁਝ ਵੀ ਪੂਰਾ ਨਹੀਂ ਹੋ ਪਾਉਣਾ ਸੀ| ਲੜਾਈ ਦੇ ਮੋਰਚੇ 'ਤੇ ਹਰ ਉਸ ਅਧਿਆਪਕ ਦਾ ਵੀ ਧੰਨਵਾਦ, ਜੋ ਇਹ ਕਲਾਸਾਂ ਲਗਾ ਰਿਹਾ ਹੋਵੇਗਾ ਤੇ ਸਾਡੀ ਦੁਨੀਆ ਵਿੱਚ ਕੁਝ ਨਵਾਂ ਕਰਕੇ ਦਿਖਾ ਰਿਹਾ ਹੋਵੇਗਾ| ਅਸੀਂ ਇਹ ਕਿਤਾਬਾਂ ਧੂੜ ਜਮਾਂ ਕਰਨ ਲਈ ਨਹੀਂ ਬਣਾਉਂਦੇ ਸਗੋਂ ਅਗਲੀ ਪੀੜ੍ਹੀ ਨੂੰ ਟਰੇਨਿੰਗ ਦੇਣ ਲਈ ਬਣਾਉਂਦੇ ਹਾਂ| ਤੁਹਾਡੇ ਅਧਿਆਪਕਾਂ ਬਿਨਾਂ, ਸਾਡੀ ਟੀਮ ਕੁਝ ਨਹੀਂ ਕਰ ਰਹੀ ਹੈ| ਬੱਚਿਆਂ ਪ੍ਰਤੀ ਤੁਹਾਡੇ ਪਿਆਰ, ਤੁਹਾਡੇ ਸਮਰਪਣ ਅਤੇ ਧੀਰਜ ਕਰਕੇ ਜੋ ਆਤਮਿਕ ਫਲ ਸਾਨੂੰ ਮਿਲਦਾ ਹੈ, ਉਸ ਲਈ ਤੁਹਾਡਾ ਬਹੁਤ ਧੰਨਵਾਦ|
ਪ੍ਰਮਾਤਮਾ ਹਰ ਕਿਸੇ ਤੇ ਦੋਹਰੀ ਕਿਰਪਾ ਕਰੇ!

Kristina Krauss
ਬੱਚੇ ਜਰੂਰੀ ਹਨ

# ਇਸ ਸਮੱਗਰੀ ਦੀ ਵਰਤੋਂ ਕਿਵੇਂ ਕਰੀਏ?

## ਵੱਖਰੀ ਪਛਾਣ


ਵਿਦਿਆਰ


ਅਧਿਆਪਕ

ਇਸ ਪ੍ਰੋਗਰਾਮ ਦੀ ਵਧੀਆ ਗੱਲ ਹੈ ਇਹਦੇ ਬੈਜ (ਇਨਸਿਗਨਿਅਸ) ਜੋ ਬੱਚੇ ਤੇ ਅਧਿਆਪਕ ਕਮਾ ਸਕਦੇ ਹਨ। ਹਰ ਕਲਾਸ ਸ਼ੁਰੂ ਕਰਨ ਤੋਂ ਪਹਿਲਾਂ, ਅਸੀਂ ਇਹੀ ਸੁਝਾਅ ਦਿੰਦੇ ਹਾਂ ਕਿ ਤੁਸੀਂ ਮਿਨੀ ਪੁਰਸਕਾਰ ਸਮਾਰੋਹ ਦੀ ਤਿਆਰੀ ਕਰੋ ਤੇ ਬੈਜ ਦੇਣ ਦੀ ਵੀ ਤਿਆਰੀ ਕਰੋ। (ਜੇਕਰ ਤੁਸੀਂ ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਇਹ ਤਿਆਰੀ ਨਹੀਂ ਕਰਦੇ, ਤਾਂ ਤੁਸੀਂ ਗਾਣਿਆਂ ਦੌਰਾਨ ਇਹ ਤਿਆਰੀ ਕਰ ਸਕਦੇ ਹੋ।) ਹਰ ਹਫਤੇ 4 ਬੈਜ ਜਿੱਤੇ ਜਾ ਸਕਦੇ ਹਨ। ਤੇ ਫਿਰ ਜਦੋਂ ਵਿਦਿਆਰਥੀ ਪਹੁੰਚਦੇ ਹਨ, ਤਾਂ ਹੋਮਵਰਕ ਦੇ ਨੋਟਸ ਲਓ: ਐਕਟਸ ਕਿਤਾਬ ਅਤੇ "ਬੂਟਕੈਂਪ" ਦੀ ਅਸਾਈਨਮੈਂਟ ਪੜ੍ਹੋ ਜਿਸ ਵਿੱਚੋਂ ਉਹ ਮਿਡ-ਵੀਕ 'ਚ ਕੁਝ ਕਰਦੇ ਹਨ। ਤੇ ਹਾਂ ਉਹਨਾਂ ਦੀ ਹਫਤੇ ਦੀ ਹਾਜ਼ਰੀ ਵੀ ਨੋਟ ਕਰੋ। ਆਖਿਰ ਚ, ਉਹਨਾਂ ਨੂੰ ਕਹੋ ਕਿ ਉਹ ਤੁਹਾਨੂੰ ਮੈਮਰੀ ਵਰਸ (ਯਾਦਦਾਸ਼ਤ ਤੁਕ) ਸੁਣਾਉਣ (ਅਸੀਂ 'ਪ੍ਰਮਾਤਮਾ ਦਾ ਕਵਚ' ਪਾਠ ਪੜ੍ਹਾਂਗੇ) ਤਾਂ ਜੋ ਉਹ ਵੀ 'ਯਾਦਦਾਸ਼ਤ ਸਟਾਰ' ਜਿੱਤ ਸਕਣ। ਚੰਗੀ ਤਰ੍ਹਾਂ ਇਹ ਰਿਕੌਰਡ ਕਰੋ ਕਿ ਕਿਸਨੂੰ ਕੀ ਮਿਲਿਆ ਅਤੇ ਹਰ ਹਫਤੇ ਹੋਣ ਵਾਲੇ ਛੋਟੇ ਪੁਰਸਕਾਰ ਸਮਾਰੋਹ ਲਈ ਬੈਜ (ਇਨਸਿਗਨਿਆਸ) ਤਿਆਰ ਰੱਖੋ।

- ਕਲਾਸ 'ਚ ਹਾਜ਼ਰੀ
- ਲਾਈਫ ਹੋਮਵਰਕ ਅਸਾਈਨਮੈਂਟ
- ਰੀਡਿੰਗ ਹੋਮਵਰਕ ਅਸਾਈਨਮੈਂਟ
- ਕਵਚ ਦੀ ਤੁਕ ਯਾਦ ਕਰਨਾ

ਕਿਤਾਬ ਦੇ ਅਖੀਰ ਤੇ ਇੱਕ ਸ਼ੀਟ ਹੈ ਜੋ ਤੁਸੀਂ ਉਹਨਾਂ ਦੇ ਬੈਜ (ਇਨਸਿਗਨਿਆਸ) ਰਿਕੌਰਡ ਕਰਨ ਲਈ ਵਰਤ ਸਕਦੇ ਹੋ।

## ਹਾਜ਼ਰੀ

ਹਰ ਕਲਾਸ ਵਿੱਚ ਆਉਣ 'ਤੇ ਹਰੇਕ ਬੱਚੇ ਨੂੰ ਮੁੱਖ ਬੈਜ ਦਾ ਇੱਕ ਟੁਕੜਾ ਮਿਲਦਾ ਹੈ। ਤੁਸੀਂ ਹਰ ਬੱਚੇ ਨੂੰ ਦੋਨੋ ਬਾਹਾਂ 'ਤੇ ਲਾਉਣ ਲਈ 2 ਬੈਜ ਵੀ ਦੇ ਸਕਦੇ ਹੋ ਤੇ ਜਾਂ ਇੱਕ ਬਾਂਹ 'ਤੇ ਲਾਉਣ ਲਈ 1 ਬੈਜ ਵੀ ਦੇ ਸਕਦੇ ਹੋ।







ਟੁਕੜੇ ਲਾਉਣ ਲਈ ਉਦਾਹਰਣਾਂ, ਜਾਂ ਥੋੜ੍ਹੇ ਦਿਨ ਰੁਕੋ। ਤੇ ਪੱਟੀਆਂ ਨੂੰ ਇਕੱਠਾ ਹੀ ਲਗਾ ਦਿਓ।




## ਪੜ੍ਹਨਾ ਤੇ ਯਾਦ ਕਰਨਾ

ਹਰ ਪਾਠ ਵਿੱਚ ਦਿੱਤੇ ਗਏ ਐਕਟਸ ਦੇ ਹਿੱਸੇ ਨੂੰ ਪੜ੍ਹਕੇ ਬੱਚੇ ਇੱਕ ਸਟਾਰ ਕਮਾ ਸਕਦੇ ਹਨ ਅਤੇ ਰੋਜ਼ਾਨਾ ਦੀ ਤੁਕ ਯਾਦ ਕਰਕੇ ਵੀ ਇੱਕ ਸਟਾਰ ਕਮਾ ਸਕਦੇ ਹਨ। ਜੇਕਰ ਉਹ ਐਕਟਸ ਦੀ ਸਾਰੀ ਕਿਤਾਬ ਪੜ੍ਹ ਲੈਂਦੇ ਹਨ ਅਤੇ 10 ਤੁਕਾਂ ਯਾਦ ਕਰ ਲੈਂਦੇ ਹਨ, ਤਾਂ ਉਹਨਾਂ ਦਾ ਬੈਜ ਪੂਰਾ ਭਰ ਜਾਵੇਗਾ। ਇਸ ਬੈਜ ਨੂੰ ਬੱਚੇ ਦੇ ਸੱਜੇ ਪਾਸੇ ਲਗਾਓ। (ਜੇਕਰ ਉਹ ਪਿਛਲੀਆਂ 9 ਕਲਾਸਾਂ ਹਾਸਲ ਕਰ ਲੈਂਦੇ ਹਨ ਤਾਂ 10ਵਾਂ ਹਫਤਾ ਕਮਾਇਆ ਜਾਂਦਾ ਹੈ।)




## ਬੂਟਕੈਂਪ / ਲਾਈਫ ਅਸਾਈਨਮੈਂਟ

ਹਰ ਪਾਠ ਦੇ ਵਿੱਚ ਇੱਕ ਹੋਮਵਰਕ ਅਸਾਈਨਮੈਂਟ ਵੀ ਹੈ ਤਾਂ ਜੋ ਮਿਡਵੀਕ 'ਚ ਪਾਠ ਵਿੱਚ ਸਿੱਖੀ ਚੀਜ਼ ਨੂੰ ਉਹ ਆਪਣੀ ਜ਼ਿੰਦਗੀ ਵਿੱਚ ਕਰਕੇ ਦੇਖ ਸਕਣ। ਹਰ ਕੰਮ ਪੂਰਾ ਕਰਨ 'ਤੇ ਬੱਚੇ । "ਰਿਬਨ" (ਆਇਤਕਾਰ ਕਾਗਜ਼) ਕਮਾਉਂਦੇ ਹਨ। ਇਹਨਾਂ ਆਇਤਾਕਾਰ ਕਾਗਜ਼ਾਂ ਨੂੰ ਧਾਗੇ ਜਾਂ ਟੇਪ ਨਾਲ ਜੋੜੋ ਜਾਂ ਫਿਰ ਕਾਗਜ਼ ਦੇ ਛੋਟੇ-ਛੋਟੇ ਟੁਕੜਿਆਂ ਦੀ ਮਦਦ ਨਾਲ ਇਹਨਾਂ ਨੂੰ ਗੂੰਦ ਲਾਕੇ ਆਪਸ 'ਚ ਜੋੜੋ। ਇਨ੍ਹਾਂ ਨੂੰ ਬੱਚੇ ਦੇ ਖੱਬੇ ਪਾਸੇ ਲਗਾਓ।

## ਸਮਾਸੂਚੀ: (1 ½ ਘੰਟੇ)

**(10 ਮਿੰਟ) ਕਲਾਸ ਲੱਗਣ ਤੋਂ ਪਹਿਲਾਂ:**

- ਜਦੋਂ ਬੱਚੇ ਪਹੁੰਚਦੇ ਹਨ, ਤਾਂ ਉਹਨਾਂ ਦੀਆਂ ਪ੍ਰਾਪਤੀਆਂ ਲਿਖੋ ਤਾਂ ਜੋ ਉਹ ਹਰ ਹਫਤੇ 4 ਬੈਜ ਕਮਾ ਸਕਣ।
- ਕਲਾਸ 'ਚ ਹਾਜ਼ਰੀ
- ਲਾਈਫ ਹੋਮਵਰਕ: "ਬੂਟਕੈਂਪ"
- ਰੀਡਿੰਗ ਹੋਮਵਰਕ: ਐਕਟਸ ਦੀ ਕਿਤਾਬ
- ਕਵਚ ਦੀਆਂ ਤੁਕਾਂ ਯਾਦ ਕਰੋ




**(25 ਮਿੰਟ) ਸ਼ੁਰੂ ਹੋਣਾ:**

- ਐਕਸ਼ਨਾਂ ਨਾਲ ਗਾਣੇ
- ਪੁਰਸਕਾਰ ਸਮਾਰੋਹ / ਬੈਜ (ਇਨਸਿਗਨਿਆਸ)
- ਪਾਠ ਦਾ ਸਿਰਲੇਖ
- ਨਾਟਕ / ਸਕੈਂਚ

**(15 ਮਿੰਟ) ਪਾਠ:**

- ਮੁੱਖ ਪਾਠ
- ਮੈਮਰੀ ਵਰਸ (ਯਾਦਦਾਸ਼ਤ ਤੁਕ)

**(20 ਮਿੰਟ) ਵਿਦਿਆਰਥੀਆਂ ਦੀਆਂ ਕਿਤਾਬਾਂ:**

- ਪਹੇਲੀਆਂ ਅਤੇ ਗਤੀਵਿਧੀਆਂ
- ਪਾਵਰਪੁਆਇੰਟ / ਫੈਸਲਾ
- ਸਵਾਲ / ਗੱਲਬਾਤ
- ਲਾਈਫ ਅਤੇ ਰੀਡਿੰਗ ਹੋਮਵਰਕ ਵੰਡੋ

**(20 ਮਿੰਟ) ਗਤੀਵਿਧੀਆਂ:**

- ਗੇਮ
- ਕ੍ਰਾਫਟ

## ਨਾਟਕ

ਹਰ ਹਫਤੇ ਸਰਜੈਂਟ ਅਫਸਰ ਦੋ ਸਿਪਾਹੀਆਂ ਨੂੰ ਬੂਟਕੈਂਪ 'ਚ ਪ੍ਰਮਾਤਮਾ ਦੇ ਕਵਚ ਬਾਰੇ ਸਿਖਾਉਂਦਾ ਹੈ। ਬੱਚਿਆਂ ਦੇ ਸੰਡੇ ਸਕੂਲ ਪਾਠ ਵਾਲੇ ਦਿਨ ਹੀ ਨਵੇਂ ਸਿਪਾਹੀ ਹਰ ਨਾਟਕ ਵਿੱਚ ਇੱਕ ਨਵਾਂ ਪਾਠ ਸਿੱਖਦੇ ਹਨ।



ਪਾਤਰ:

• ਗਿਗਲ ਸਿਪਾਹੀ

ਹਮੇਸ਼ਾ ਗੜਬੜੀ ਕਰ ਦਿੰਦਾ ਹੈ ਅਤੇ ਕਵਚ ਦੇ ਟੁਕੜੇ ਭੁੱਲ ਜਾਂਦਾ ਹੈ।

• ਡੂਟੀ ਸਿਪਾਹੀ

ਚੰਗੀ ਤਰ੍ਹਾਂ ਹਦਾਇਤਾਂ ਦਾ ਪਾਲਣ ਕਰਦਾ ਹੈ।

• ਸਰਜੈਂਟ ਔੱਪਰਾਈਟ ਅਫਸਰ

ਦੋ ਨਵੇਂ ਸਿਪਾਹੀਆਂ ਨੂੰ ਟਰੇਨਿੰਗ ਦੇਣ ਦਾ ਇੰਚਾਰਜ।

ਇਸ ਸਮੱਗਰੀ ਲਈ, ਸਾਡੇ ਕੋਲ ਸਾਰੇ ਨਾਟਕਾਂ ਦੀਆਂ ਵੀਡੀਓ DVD ਜਾਂ YouTube ਤੇ ਉਪਲਬਧ ਹਨ। ਇਹ ਵੀਡੀਓ ਤੁਸੀਂ ਆਪਣੇ ਮੌਜੂਦਾ ਐਕਟਰਾਂ ਨੂੰ ਪ੍ਰੇਰਿਤ ਕਰਨ ਲਈ ਵਰਤ ਸਕਦੇ ਹੋ ਜਾਂ ਬੱਚਿਆਂ ਨੂੰ ਸਿੱਧਾ ਹੀ ਤੁਸੀਂ ਇਹ ਵੀਡੀਓ ਦਿਖਾ ਸਕਦੇ ਹੋ।

ਇਨ੍ਹਾਂ ਨਾਟਕਾਂ ਦੀਆਂ ਵੀਡੀਓ ਵਿੱਚ ਕੋਈ ਵੀ ਅਸਲੀ ਭਾਸ਼ਾ ਨਹੀਂ ਵਰਤੀ ਗਈ ਅਤੇ ਇਸ ਕਰਕੇ ਤੁਹਾਡੇ ਸ਼ਹਿਰ ਵਿੱਚ ਭਾਵੇਂ ਜਿਹੜੀ ਮਰਜ਼ੀ ਭਾਸ਼ਾ ਬੋਲੀ ਜਾਂਦੀ ਹੋਵੇ ਇਸਤੋਂ ਇਸਦਾ ਕੋਈ ਮਤਲਬ ਨਹੀਂ ਹੈ।

ਸਾਡੇ YouTube ਚੈਨਲ ਤੇ ਨਾਟਕ ਲੱਭੋ:

*www.youtube.com/c/Childrenareimportant*

## ਗੱਤੇ ਦਾ ਕਵਚ ਅਤੇ ਸੈੱਟ ਦਾ ਸਾਧਾਰਨ ਡਿਜ਼ਾਈਨ

ਆਪਣੇ ਨਾਟਕਾਂ ਲਈ, ਅਸੀਂ ਗੱਤੇ ਦੇ ਡੱਬੇ, ਰਿਬਨ, ਅਤੇ ਛਾਨਣੀ ਵਾਲੇ ਡੌਂਗੇ (ਕੋਲੈਂਡਰ) / ਭਾਂਡਿਆਂ ਦੀ ਵਰਤੋਂ ਕਰਦੇ ਹਾਂ ਤਾਂ ਜੋ ਕਵਚ ਦੇ ਸਸਤੇ ਟੁਕੜੇ ਬਣਾਏ ਜਾ ਸਕਣ। ਲੰਮੇ ਗੁਬਾਰਿਆਂ ਦਾ 'ਕਵਚ ਸੂਟ' ਬਣਾਉਣ ਲਈ ਅਤੇ ਹੋਰ ਨਵੇਂ ਆਈਡਿਆ ਦੇਖਣ ਲਈ 'ਹੋਰ ਆਈਡੀਏ' ਸੈਕਸ਼ਨ 'ਚ ਦਿੱਤੀਆਂ ਹਦਾਇਤਾਂ ਪੜ੍ਹੋ।





ਰੱਖਿਆ ਕਰਨ ਲਈ ਹੈਲਮੇਟ

ਛਾਣਨੀ ਜਾਂ ਭਾਂਡਾ

ਰਿਬਨ





ਇਮਾਨਦਾਰੀ ਭਰਿਆ ਛਾਤੀ ਕਵਚ

ਗੱਤੇ ਦਾ ਵੱਡਾ ਡੱਬਾ

ਰਿਬਨ ਅਤੇ ਗੂੰਦ / ਸਿਲੀਕੋਨ

ਸਿਲਾਈ ਕਰਨ ਨਾਲ ਗੱਤਾ ਮਜਬੂਤੀ

ਫੜ੍ਹ ਜਾਂਦਾ ਹੈ









ਵਿਸ਼ਵਾਸ ਭਰੀ ਸ਼ੀਲਡ

। ਵੱਡੇ ਡੱਬੇ ਦਾ ਪਾਸਾ

ਪਾਰਦਰਸ਼ੀ ਪਲਾਸਟਿਕ ਬੈਗ

ਸਿਲੀਕੋਨ ਗੂੰਦ




ਪ੍ਰਾਰਥਨਾ / ਗੱਲ ਕਰਨ ਦਾ ਯੰਤਰ


। ਛੋਟਾ ਡੱਬਾ

ਤਾਰ ਦਾ ਟੁਕੜਾ

ਡੱਬੇ ਨੂੰ ਥੋੜ੍ਹਾ ਜਿਹਾ ਮੋੜਨ ਲਈ:







## ਸੱਚਾਈ ਭਰੀ ਬੈਲਟ

ਆਪਣੀ ਬੈਲਟ ਉੱਤੇ ਤੁਸੀਂ ਜਰੂਰੀ ਸਮਾਨ ਲਟਕਾ ਸਕਦੇ ਹੋ, ਜਿਵੇਂ ਕਿ ਗੁਲੇਲ, ਦੂਰਬੀਨ, ਰੱਸੀ, ਅਤੇ ਕੰਟੀਨ।






## ਟੁਕੜੇ

ਹਰ ਟੁਕੜੇ ਲਈ ਗੱਤੇ ਦਾ ਇੱਕ ਟੁਕੜਾ ਚਾਹੀਦਾ ਹੈ ਅਤੇ ਸਿਲੀਕੋਨ / ਗੂੰਦ ਚਾਹੀਦੀ ਹੈ।





### ਗੁਲੇਲ








### ਰੱਸੀ








### ਦੂਰਬੀਨ



### ਕੰਟੀਨ


2 ਡਿਸਪੋਜ਼ੇਬਲ ਪਲੇਟਾਂ ਅਤੇ ਇੱਕ ਟਾਇਲਟ ਪੇਪਰ ਟਿਊਬ ਵਾਲੀ ਕੰਟੀਨ ਬਣਾਉਣ ਲਈ 'ਹੋਰ ਆਈਡੀਏ' ਸੈਕਸ਼ਨ ਨੂੰ ਦੇਖੋ।

ਇੱਕ ਗੱਤੇ ਦੇ ਡੱਬੇ ਵਾਂਗ ਇਸਨੂੰ ਹੇਠਾਂ ਤੋਂ ਬੰਦ ਕਰ ਦਿਓ।









ਇਹਨਾਂ ਟੁਕੜਿਆਂ ਨੂੰ ਇੱਕ ਸਾਧਾਰਨ ਬੈਲਟ ਤੇ ਲਾ ਦਿਓ।

ਸੀਨੋਗ੍ਰਾਫੀ

10 ਨਾਟਕਾਂ ਲਈ:

ਪੌੜੀ

ਗੱਤੇ ਦੇ 2 ਡੱਬੇ

ਮੇਜ਼

ਪਾਣੀ ਦਾ ਭਾਂਡਾ

ਕਾਗਜ਼ ਦੇ ਛੋਟੇ ਟੁਕੜੇ



## ਹੋਰ ਆਈਡੀਏ



**ਗੁਬਾਰਿਆਂ ਦੇ ਛੋਟੇ ਟਾਵਰ**

ਭੂਰੇ, ਹਰੇ, ਕਾਲੇ ਤੇ ਚਿੱਟੇ ਗੁਬਾਰਿਆਂ ਦੀ ਮਦਦ ਨਾਲ ਦੋ ਟਾਵਰ ਜਾਂ ਖੰਬੇ ਬਣਾਉਣ ਬਾਰੇ ਕੀ ਵਿਚਾਰ ਹੈ।

ਚਲੋ ਚਾਰ ਰੰਗਾਂ ਨਾਲ ਆਪਾਂ ਇੱਕ ਛੋਟਾ ਜਿਹਾ ਖੰਬਾ ਬਣਾਉਂਦੇ ਹਾਂ।


ਗੁਬਾਰਿਆਂ ਦੇ ਦੋ ਜੋੜੇ ਲਓ (ਹਰ ਜੋੜੇ ਵਿੱਚ 2 ਗੁਬਾਰੇ ਬੰਨ੍ਹੇ ਹੋਣ), ਇੱਕ ਜੋੜੇ 'ਚ । ਹਰਾ ਤੇ । ਕਾਲਾ ਗੁਬਾਰਾ ਹੋਵੇ ਤੇ ਦੂਜੇ ਜੋੜੇ 'ਚ । ਚਿੱਟਾ ਤੇ । ਭੂਰਾ ਗੁਬਾਰਾ ਹੋਵੇ।

ਸੁਝਾਅ: ਯਾਦ ਰੱਖੋ ਤੁਸੀਂ ਉਹਨਾਂ ਨੂੰ ਗੁਬਾਰੇ ਦੇ ਢਿੱਡ ਦੇ ਜਿੰਨੇ ਨੇੜੇ ਬੰਨ੍ਹ ਸਕਦੇ ਹੋਏ ਉਨਾ ਨੇੜੇ ਬੰਨ੍ਹਿਓ ਤਾਂ ਜੋ ਸਫਾਈ ਨਾਲ ਕੰਮ ਹੋ ਸਕੇ।

ਹੁਣ ਜੋੜਿਆਂ ਨੂੰ ਕਰੌਸ ਕਰੋ ਤੇ ਦੋਨਾਂ ਨੂੰ ਆਪਸ 'ਚ ਘੁਮਾ ਦਿਓ।

ਇਸੇ ਪ੍ਰਕਿਰਿਆ ਨੂੰ 8 ਵਾਰ ਹੋਰ ਕਰੋ ਤਾਂ ਜੋ ਤੁਹਾਡੇ ਕੋਲ ਗੁਬਾਰਿਆਂ ਦੇ 9 ਸੈੱਟ ਬਣ ਜਾਣ (ਹਰ ਸੈੱਟ 'ਚ ਚਾਰ ਗੁਬਾਰੇ ਹੋਣ)।

ਚਾਰ ਗੁਬਾਰਿਆਂ ਵਾਲੇ ਪਹਿਲੇ ਸੈੱਟ ਨੂੰ ਇੱਕ X ਵਾਂਗ ਰੱਖੋ, ਨਿਸ਼ਾਨੀ ਦੇ ਤੌਰ 'ਤੇ ਹਰ ਰੰਗ ਲਿਆ ਗਿਆ ਹੈ। ਹੁਣ ਚਾਰ ਗੁਬਾਰਿਆਂ ਵਾਲੇ ਅਗਲੇ ਸੈੱਟ ਨੂੰ + ਦੇ ਵਾਂਗ ਰੱਖੋ ਉਹ ਵੀ ਪਹਿਲੇ ਸੈੱਟ ਦੇ ਉੱਤੇ ਰੱਖੋ ਅਤੇ ਘੁੰਗਰਾਲੇ ਰਿਬਨ ਦਾ ਇਸਤੇਮਾਲ ਕਰੋ ਤਾਂ ਜੋ ਇਹ ਹਿੱਲ ਨਾ ਸਕਣ। ਬਾਕੀ ਚਾਰ ਗੁਬਾਰਿਆਂ ਵਾਲੇ ਸੈੱਟਾਂ ਨਾਲ ਵੀ ਇਸ ਤਰ੍ਹਾਂ ਹੀ ਕਰੋ, ਹਰ ਵਾਰੀ ਇਹਨਾਂ ਨੂੰ ਘੁਮਾਓ: x, +, x, + ਆਦਿ।




ਸੁਝਾਅ: ਆਪਣੇ ਛੋਟੇ ਜਿਹੇ ਟਾਵਰ ਦੇ ਉੱਪਰ ਤੁਸੀਂ ਇੱਕ ਸਿਤਾਰਾ ਲਗਾ ਸਕਦੇ ਹੋ ਉਹ ਵੀ ਧਾਤੂ ਰੰਗਾ ਗੁਬਾਰਾ ਸਿਤਾਰਾ।

ਸਾਡੇ ਕੋਲ ਇੱਕ ਵੀਡੀਓ ਹੈ ਜਿਸ ਵਿੱਚ ਗੁਬਾਰਿਆਂ ਦੇ ਛੋਟੇ ਟਾਵਰ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

https://youtu.be/hut9db-ALOI

ਜਾਂ ਫਿਰ ਸਾਡੇ YouTube ਚੈਨਲ 'ਤੇ ਲੱਭੋ:

http://youtube.com/c/Childrenareimportant

## ਕਾਗਜ਼ ਨਾਲ ਇੱਕ ਸਜਾਵਟੀ ਨਿਸ਼ਾਨ



ਤੁਹਾਨੂੰ ਹਰੇ, ਭੂਰੇ, ਸਲੇਟੀ ਤੇ ਕਾਲੇ ਰੰਗ ਦੀਆਂ ਲੈਟਰ-ਸਾਈਜ਼ ਦੀਆਂ ਸ਼ੀਟਾਂ ਚਾਹੀਦੀਆਂ ਹੋਣਗੀਆਂ ਅਤੇ ਕੈਂਚੀ, ਪੈਨਸਿਲ, ਸਕੇਲ ਅਤੇ ਰੱਸੀ ਵੀ ਚਾਹੀਦੀ ਹੋਵੇਗੀ।

ਆਪਾਂ ਇੱਕ ਤਿਕੋਣ ਦਾ ਪੈਟਰਨ ਬਣਾਉਣ ਜਾ ਰਹੇ ਹਾਂ। ਆਪਣੀ ਸ਼ੀਟ ਨੂੰ ਹੋਰੀਜੋਂਟਲ ਤਰੀਕੇ ਨਾਲ ਰੱਖੋ, ਲੈਟਰ-ਸਾਈਜ਼ ਸ਼ੀਟ ਨੂੰ ਵਿਚਕਾਰੋਂ ਮੋੜ ਦਿਓ, ਸ਼ੀਟ ਨੂੰ ਕੱਟ ਦਿਓ ਅਤੇ ਆਕਾਰ ਬਣਾਉਣ ਲਈ ਸਿਰਫ ਅੱਧੀ ਸ਼ੀਟ ਦੀ ਵਰਤੋਂ ਕਰੋ, ਸਕੇਲ ਲੈਕੇ ਸ਼ੀਟ ਦੀ ਚੌੜਾਈ ਨਾਪੋ ਅਤੇ ਇਸਦੇ ਵਿਚਕਾਰ ਨਿਸ਼ਾਨ ਲਗਾ ਦਿਓ। ਉਦਾਹਰਣ ਦੇ ਤੌਰ 'ਤੇ, ਜੇਕਰ ਤੁਸੀਂ 14 ਸੈਂਟੀਮੀਟਰ ਨਾਪਦੇ ਹੋ ਤਾਂ ਤੁਸੀਂ 7 ਸੈਂਟੀਮੀਟਰ 'ਤੇ ਨਿਸ਼ਾਨ ਲਗਾ ਦਿਓ। ਹੁਣ ਉਸ ਨਿਸ਼ਾਨ ਤੋਂ ਲੈਕੇ ਖੱਬੇ ਖੂੰਜੇ ਤੱਕ ਇੱਕ ਲਾਈਨ ਖਿੱਚੋ ਅਤੇ ਉਸੇ ਨਿਸ਼ਾਨ ਤੋਂ ਲੈਕੇ ਇੱਕ ਲਾਈਨ ਸੱਜੇ ਖੂੰਜੇ ਤੱਕ ਵੀ ਖਿੱਚੋ। ਹੁਣ ਇੱਕ ਤਿਕੋਣ ਦਾ ਆਕਾਰ ਬਚ ਜਾਏਗਾ। ਫਾਲਤੂ ਨੂੰ ਕੱਟ ਦਿਓ ਅਤੇ ਤੁਹਾਡੇ ਕੋਲ ਪੈਟਰਨ ਤਿਆਰ ਹੋ ਜਾਵੇਗਾ। ਇੱਕ ਵਾਰ ਜਦੋਂ ਤੁਸੀਂ ਰੰਗ-ਬਿਰੰਗੀਆਂ ਸ਼ੀਟਾਂ ਦੇ ਕਈ ਤਿਕੋਣ ਬਣਾ ਲਵੋਂ, ਤਾਂ ਤੁਸੀਂ ਇਹਨਾਂ ਨੂੰ ਆਪਸ 'ਚ ਖਿਲਾਰ ਦਿਉ ਮਤਲਬ ਮਿਕਸ ਕਰ ਦਿਓ ਤਾਂ ਜੋ ਇਹ ਸੋਹਣੇ ਲੱਗਣ।

ਹੁਣ ਤਿਕੋਣਾਂ ਨੂੰ ਰੱਸੀ 'ਤੇ ਚਿਪਕਾ ਦਿਓ। ਇੱਕ-ਦੂਜੇ ਵਿੱਚ ਕੋਈ ਵੀ ਖਾਲੀ ਜਗ੍ਹਾ ਨਾ ਛੱਡਿਓ।




## ਗੱਤੇ ਦੇ ਡੱਬੇ

ਵੱਖ-ਵੱਖ ਆਕਾਰਾਂ ਦੇ ਗੱਤੇ ਦੇ ਡੱਬੇ ਲੈ ਲਓ, ਇੱਕ ਪਰਮਾਨੈਂਟ ਮਾਰਕਰ, ਕਰਾਫਟ ਪੇਪਰ ਜਾਂ ਭੂਰਾ ਪੇਪਰ ਅਤੇ ਟੇਪ ਵੀ ਲੈ ਲਓ।

ਗੱਤੇ ਦੇ ਡੱਬਿਆਂ ਨੂੰ ਕਾਗਜ਼ ਨਾਲ ਕਵਰ ਕਰ ਦਿਓ। ਡੱਬਿਆਂ ਉੱਪਰ ਕੁਝ ਲਾਈਨਾਂ ਤੇ ਸ਼ਬਦ ਲਿਖਕੇ ਇਹਨਾਂ ਨੂੰ ਸਜਾਓ ਜਿਵੇਂ ਕਿ "ਰੱਖਿਆ ਦਾ ਹੈਲਮੇਟ" ("helmet of salvation") ਜਾਂ "ਖੁਸ਼ਖਬਰੀ ਦੇਣ ਵਾਲੇ ਜੁੱਤੇ" ("gospel shoes") ਅਤੇ ਕਲਾਸ ਦੇ ਦ੍ਰਿਸ਼ ਨੂੰ ਸਜਾਉਣ ਲਈ ਕੁਝ ਕੁ ਡੱਬਿਆਂ ਦਾ ਢੇਰ ਲਾਕੇ ਰੱਖੋ।

## ਪੈਰਾਸ਼ੂਟ ਸਿਪਾਹੀ




ਤੁਹਾਨੂੰ ਲੋੜ ਹੈ ਇਹਨਾਂ ਚੀਜ਼ਾਂ ਦੀ, ਪਲਾਸਟਿਕ ਦੇ ਸਿਪਾਹੀ, ਕੌਫ਼ੀ ਲਈ ਫਿਲਟਰ, ਗੱਤਾ, ਟੇਪ, ਅਤੇ ਰਿਬਨ / ਧਾਗਾ।

ਘੁੰਗਰਾਲੇ ਰਿਬਨ ਦੀ ਮਦਦ ਨਾਲ ਕੌਫ਼ੀ ਫਿਲਟਰ ਨੂੰ ਪਲਾਸਟਿਕ ਦੇ ਸਿਪਾਹੀ ਨਾਲ ਜੋੜ ਦਿਓ। ਫਿਲਟਰ ਦੇ ਉੱਪਰਲੇ ਹਿੱਸੇ 'ਤੇ ਤੁਸੀਂ ਟੇਪ ਦੀ ਇੱਕ ਹੋਰ ਪੱਟੀ ਲਾ ਸਕਦੇ ਹੋ ਤਾਂ ਜੋ ਤੁਸੀਂ ਇਸਨੂੰ

ਲਿਵਿੰਗ ਰੂਮ ਦੇ ਦਰਵਾਜ਼ੇ 'ਤੇ ਲਟਕਾ ਸਕੋ ਜਾਂ ਜਿੱਥੇ ਵੀ ਤੁਸੀਂ ਸਜਾਉਣਾ ਚਾਹੁੰਦੇ ਹੋ ਉੱਥੇ ਲਾ ਸਕੋ। ਪੁਰਾਣੇ ਸ਼ਬਦ "ਕਵਚ" ("Armour") ਦੀ ਬਜਾਏ, ਇਹਨਾਂ ਸਿਪਾਹੀਆਂ ਨੇ ਵੱਖਰੇ ਸ਼ਬਦ ਫੜ੍ਹੇ ਹਨ ਜੋ ਇਸ ਪ੍ਰੋਗਰਾਮ 'ਚ ਦਿੱਤੇ ਸਬਕਾਂ ਨੂੰ ਦਰਸ਼ਾਉਂਦੇ ਹਨ: ਵਿਸ਼ਵਾਸ (faith), ਸੱਚਾਈ (truth), ਸ਼ਾਂਤੀ (peace), ਰੱਖਿਆ (salvation), ਆਦਿ।



**ਪੇਪਰ ਪਲੇਟਾਂ ਅਤੇ ਟਿਊਬਾਂ ਵਾਲੀ ਕੰਟੀਨ**

ਦੋ ਡਿਸਪੋਜ਼ੇਬਲ ਪਲੇਟਾਂ ਜਾਂ ਗੱਤੇ ਦੇ ਦੋ ਚੱਕਰ ਜਿਨ੍ਹਾਂ ਦਾ ਵਿਆਸ ਲਗਭਗ 10 ਸੈਂਟੀਮੀਟਰ ਹੋਵੇ, ਗੂੰਦ, ਕੈਂਚੀਆਂ, ਭੂਰਾ ਤੇ ਹਰਾ ਪੇਂਟ ਜਾਂ ਭੂਰੇ ਤੇ ਹਰੇ ਰੰਗਾਂ ਦੀਆਂ ਵੱਖਰੀਆਂ ਸ਼ੇਡਾਂ ਵਾਲੇ ਉਖੜੇ ਹੋਏ ਕਾਗਜ਼, ਸੈਨੀਟਰੀ ਪੇਪਰ ਟਿਊਬ (ਦੋ ਬੱਚਿਆਂ ਲਈ ਇੱਕ ਟਿਊਬ ਕਾਫੀ ਹੈ) ਜਾਂ ਤੁਸੀਂ ਕਿਸੇ ਸੌਫਟ ਡਰਿੰਕ ਦੀ ਇੱਕ ਪਲਾਸਟਿਕ ਬੋਤਲ ਵਰਤ ਸਕਦੇ ਹੋ, ਅਤੇ ਘੁੰਗਰਾਲੇ ਰਿਬਨ।


ਹਦਾਇਤਾਂ:

ਹਰ ਪਲੇਟ ਉੱਤੇ ਇੱਕ (ਵੱਡਾ) U ਬਣਾਓ ਜਿਸਦੀ ਚੌੜਾਈ ਪੇਪਰ ਟਿਊਬ ਜਿੰਨੀ ਹੋਵੇ, ਧਿਆਨ ਰੱਖਿਓ ਉਹ ਬਿਲਕੁਲ ਇੱਕੋ ਜਿਹੇ ਹੋਣ, ਅਤੇ ਉਹਨਾਂ ਨੂੰ ਕੱਟ ਲਓ।

ਪੇਪਰ ਟਿਊਬ ਨੂੰ ਇੱਕ ਪਲੇਟ 'ਤੇ ਚਿਪਕਾ ਦਿਓ ਜਿੱਥੇ "U" ਦਾ ਕੱਟ ਲੱਗਿਆ ਹੋਵੇ। ਦੂਜੀ ਪਲੇਟ ਨੂੰ ਇਸਦੇ ਉੱਪਰ ਰੱਖੋ ਅਤੇ ਸਭ ਨੂੰ ਇਕੱਠੇ ਚਿਪਕਾ ਦਿਓ।

ਤੁਸੀਂ ਇਸ ਨੂੰ ਦੋ ਤਰੀਕਿਆਂ ਨਾਲ ਸਜਾ ਸਕਦੇ ਹੋ। ਪਹਿਲਾ ਤਰੀਕਾ ਹੈ ਭੂਰੇ ਅਤੇ ਹਰੇ ਪੇਂਟ ਦਾ। ਦੂਜਾ ਤਰੀਕਾ ਹੈ ਭੂਰੇ ਤੇ ਹਰੇ ਰੰਗਾਂ ਦੀਆਂ ਵੱਖਰੀਆਂ ਸ਼ੇਡਾਂ ਵਾਲੇ ਕਾਗਜ਼ਾਂ ਨੂੰ ਉਖਾੜਨਾ ਅਤੇ ਫਿਰ ਪਲੇਟਾਂ ਦੇ ਕਿਨਾਰਿਆਂ 'ਦੇ ਆਸੇ-ਪਾਸੇ ਚਿਪਕਾਉਣਾ। ਹਰ ਪਾਸੇ 'ਤੇ ਇੱਕ ਛੋਟੀ ਜਿਹੀ ਮੋਰੀ ਕੱਢੋ ਅਤੇ ਘੁੰਗਰਾਲੇ ਰਿਬਨ ਜਾਂ ਧਾਗੇ ਨਾਲ ਬੰਨ੍ਹ ਦਿਓ।

## ਉਪਲਬਧ ਸਮੱਗਰੀ




**ਅਧਿਆਪਕ ਦੀ ਕਿਤਾਬ**

**ਸਾਰੇ ਉਮਰ ਦੇ ਗਰੁੱਪਾਂ**

**ਲਈ 10 ਪਾਠ**




**ਵਿਦਿਆਰਥੀ ਦੀਆਂ**

**ਕਿਤਾਬਾਂ**

**ਸੌਖਾ - 4 ਤੋਂ 6 ਸਾਲ ਦੀ ਉਮਰ ਲਈ**

**ਠੀਕ ਠਾਕ - 7 ਤੋਂ 9 ਸਾਲ ਦੀ ਉਮਰ ਲਈ**

**ਔਖਾ - 10 ਤੋਂ 12 ਸਾਲ ਦੀ ਉਮਰ ਲਈ**

**ਐਡਵਾਂਸਡ - 13 ਸਾਲ ਤੋਂ ਵੱਧ ਉਮਰ ਵਾਲਿਆਂ ਲਈ**




**ਪੋਸਟਰ ਅਤੇ ਫਲਾਇਰ**

**ਹੋਰ ਬੱਚਿਆਂ ਨੂੰ ਬੁਲਾਓ!**




**ਸਰਟੀਫਿਕੇਟ**

**ਪ੍ਰੋਗਰਾਮ ਖਤਮ ਹੋਣ 'ਤੇ ਹਰੇਕ**

**ਬੱਚੇ ਨੂੰ ਦਿਓ**




**ਬੈਜ (ਇਨਸਿਗਨਿਅਸ) / ਵੱਖਰੀ ਪਛਾਣ**


- **ਕਲਾਸ 'ਚ ਹਾਜ਼ਰੀ**
- **ਮਿਡਵਿਕ ਲਾਈਫ ਹੋਮਵਰਕ**
- **ਰੀਡਿੰਗ ਹੋਮਵਰਕ: ਐਕਟਸ ਦੀ ਕਿਤਾਬ**
- **ਯਾਦ: 'ਪ੍ਰਮਾਤਮਾ ਦਾ ਕਵਚ' ਦੀਆਂ ਤੁਕਾਂ**

**ਕ੍ਰਾਫਟ**

**ਤੁਹਾਡੀ ਕਲਾਸ ਦੀਆਂ ਗਤੀਵਿਧੀਆਂ 'ਚ ਚਾਰ ਚੰਨ ਲਾਉਣ**


**ਵਾਲੇ 3 ਕਰਾਫਟ**






**ਐਕਸ਼ਨ ਗਾਣੇ**

**10ਸੇ ਪਾਠਾਂ ਲਈ ਇੱਕ ਅਸਲੀ ਗਾਣਾ**




**DRAMAS**

A super silly drama for each of the 10 lessons (wordless/ without language)



**ਸੋਸ਼ਲ ਮੀਡੀਆ**

**ਆਪਣੇ ਬੱਚਿਆਂ ਦੀ ਮਿਨਿਸਟਰੀ ਲਈ ਹੋਰ ਆਈਡੀਏ ਤੇ ਪ੍ਰੇਰਨਾ ਲੈਣ ਲਈ ਸਾਨੂੰ ਸੋਸ਼ਲ ਮੀਡੀਆ 'ਤੇ ਲੱਭੋ।**


YouTube facebook. WhatsApp

**ਵੈੱਬਸਾਈਟ**

**ਇਸ ਸਾਰੀ ਸਮੱਗਰੀ ਨੂੰ ਸਾਡੀ ਵੈੱਬਸਾਈਟ ਤੋਂ ਡਾਊਨਲੋਡ ਕਰੋ, ਜਿਸ ਵਿੱਚ ਅਧਿਆਪਕਾਂ ਤੇ ਲੀਡਰਾਂ ਲਈ ਟ੍ਰੇਨਿੰਗ ਦੀ ਸਮੱਗਰੀ ਵੀ ਸ਼ਾਮਿਲ ਹੈ।**




**ਇਸ ਸਮੱਗਰੀ ਨੂੰ ਪ੍ਰਿੰਟ ਕਿਵੇਂ ਕਰੀਏ:**



# ਪਾਠ 1

## ਸਿਰਲੇਖ - ਪਾਠ 1


ਨਾ ਦਿਖਣ ਵਾਲੀ ਦੁਨੀਆਂ

## ਬਾਈਬਲ ਦੀ ਕਹਾਣੀ - ਪਾਠ 1

ਈਸਾ ਮਸੀਹ ਸਵਰਗ ਵੱਲ ਨੂੰ ਵਧਦਾ ਹੈ

ਐਕਟਸ 1: 1-11

## ਬੈਜ (ਇਨਸਿਗਨਿਅਸ) - ਪਾਠ 1



ਹਰ ਬੱਚੇ ਨੂੰ 2 ਬੈਜਾਂ (ਇਨਸਿਗਨਿਅਸਾਂ) ਲਈ ਇੱਕ ਅਧਾਰ ਮਿਲਦਾ ਹੈ, ਇੱਕ ਬੈਜ ਤਾਂ ਹੈ ਹਾਜ਼ਰੀ ਲਈ ਤੇ ਦੂਜਾ ਹੈ ਰੀਡਿੰਗ (ਪੜ੍ਹਨ) ਤੇ ਯਾਦਦਾਸ਼ਤ ਲਈ।

ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):



ਅਗਲੇ ਹਫਤੇ ਦੀ ਸ਼ੁਰੂਆਤ ਤੋਂ, ਵਿਦਿਆਰਥੀ ਪੜ੍ਹਨ ਲਈ, ਯਾਦ ਕਰਨ ਲਈ, ਅਤੇ ਹੋਮਵਰਕ ਅਸਾਈਨਮੈਂਟ ਪੂਰੀ ਕਰਨ ਲਈ ਇਨਾਮ ਜਿੱਤਣੇ ਸ਼ੁਰੂ ਕਰ ਸਕਣਗੇ।

## ਨਾਟਕ - ਪਾਠ 1

ਗਿਗਲ ਸਿਪਾਹੀ ਅਤੇ ਡ੍ਰੂਟੀ ਸਿਪਾਹੀ ਫੌਜ 'ਚ ਭਰਤੀ ਹੁੰਦੇ ਹਨ। ਗਿਗਲ ਸਿਪਾਹੀ ਨੂੰ ਮਨਾਇਆ ਜਾਂਦਾ ਹੈ ਕਿ ਇੱਥੇ ਕੋਈ ਦੁਸ਼ਮਣ ਨਹੀਂ ਹਨ ਅਤੇ ਸਿਰਫ਼ ਸ਼ਾਨਦਾਰ ਗੀਅਰ ਪਹਿਨਣਾ, ਮਜ਼ਬੂਤ ਬਣਨਾ, ਅਤੇ ਫ਼ਿਲਮਾਂ ਵਾਂਗ ਦਿਖਣਾ ਚਾਹੇ। ਸਰਜੈਂਟ ਅੱਪਰਾਈਟ ਅਫਸਰ ਦੁਸ਼ਮਣ ਨਾਲ ਲੜਨ ਬਾਰੇ ਇੱਕ ਸਪੀਚ ਦਿੰਦਾ ਹੋਇਆ ਸ਼ੁਰੂਆਤੀ ਮਾਰਚ ਅਭਿਆਸ ਸ਼ੁਰੂ ਕਰਦਾ ਹੈ।

## ਯਾਦਦਾਸ਼ਤ ਤੁਕ - ਪਾਠ 1

ਮੁਕਦੀ ਗੱਲ, ਪ੍ਰਭੁ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ! ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸਤ੍ਰ ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ. ਅਫ਼ਸੀਆਂ ਨੂੰ 6:10-11

## ਮੁੱਖ ਪਾਠ - ਪਾਠ 1

ਐਕਟਸ 1: 1-11

ਸਾਡੇ ਆਸੇ-ਪਾਸੇ ਇੱਕ ਨਾ ਦਿਖਣ ਵਾਲੀ ਦੁਨੀਆ ਹੈ ਅਤੇ ਇਹ ਬਹੁਤ ਹੀ ਅਸਲੀ ਹੈ, ਭਾਵੇਂ ਅਸੀਂ ਇਸਨੂੰ ਦੇਖ ਨਹੀਂ ਸਕਦੇ। ਬਿਲਕੁਲ ਉਸ ਤਰ੍ਹਾਂ ਜਿਵੇਂ ਤੁਸੀਂ ਹਵਾ ਨੂੰ ਨਹੀਂ ਦੇਖ ਸਕਦੇ, ਪਰ ਤੁਸੀਂ ਇਹ ਦੇਖ ਸਕਦੇ ਹੋ ਕਿ ਜਿਵੇਂ-ਜਿਵੇਂ ਹਵਾ ਚਲਦੀ ਹੈ ਉਵੇਂ-ਉਵੇਂ ਦਰਖ਼ਤ ਹਿਲਦੇ ਹਨ, ਤਾਂ ਇਸ ਕਰਕੇ ਇਹ ਇੱਕ ਆਤਮਿਕ ਦੁਨੀਆਂ ਹੈ। ਓਲਡ ਟੈਸਟਾਮੈਂਟ ਦੀ ਇੱਕ ਪੈਗੰਬਰ,

ਐਲੀਸ਼ਾ, ਸਾਨੂੰ ਇਸ ਨਾ ਦਿਖਣ ਵਾਲੀ ਦੁਨੀਆ ਨੂੰ ਦੇਖਣ ਦੀ ਇੱਕ ਵਧੀਆ ਉਦਾਹਰਣ ਦਿੰਦੀ ਹੈ। ਅਰਾਮ ਅਤੇ ਇਜ਼ਰਾਈਲ ਦੇ ਵਿਚਕਾਰ ਇੱਕ ਲੜਾਈ ਸ਼ੁਰੂ ਹੋਣ ਵਾਲੀ ਹੈ। (2 ਰਾਜੇ 6:8-23) ਇੱਕ ਰਾਤ, ਦੁਸ਼ਮਣ ਸਿਪਾਹੀਆਂ ਨੇ ਸ਼ਹਿਰ ਨੂੰ ਘੇਰਾ ਪਾ ਲਿਆ, ਅਤੇ ਜਦੋਂ ਐਲੀਸ਼ਾ ਦੇ ਨੌਕਰ ਨੇ ਉਹਨਾਂ ਨੂੰ ਦੇਖਿਆ, ਤਾਂ ਉਹ ਬਹੁਤ ਡਰ ਗਿਆ। ਪਰ ਪੈਗੰਬਰ ਨੇ ਉਸਨੂੰ ਕਿਹਾ ਕਿ ਉਹ ਡਰੇ ਨਾ ਕਿਉਂਕਿ ਉਹਨਾਂ ਦੀ ਗਿਣਤੀ ਦੁਸ਼ਮਣਾਂ ਨਾਲੋਂ ਜਿਆਦਾ ਹੈ। ਫਿਰ ਐਲੀਸ਼ਾ ਨੇ ਪ੍ਰਾਰਥਨਾ ਕੀਤੀ ਕਿ ਨੌਕਰ ਦੀਆਂ ਅੱਖਾਂ ਖੁੱਲ੍ਹ ਜਾਣ, ਅਤੇ ਉਸਨੇ ਆਪਣੇ ਚਾਰ-ਚੁਫ਼ੇਰੇ ਘੋੜੇ ਤੇ ਅੱਗ ਲੱਗੇ ਰਥਾਂ ਨਾਲ ਭਰੀਆਂ ਪਹਾੜੀਆਂ ਦੇਖੀਆਂ! ਆਪਣੇ ਪੈਗੰਬਰ ਨੂੰ ਬਚਾਉਣ ਲਈ ਪ੍ਰਮਾਤਮਾ ਕੋਲ ਇੱਕ ਬਹੁਤ ਵੱਡੀ ਨਾ ਦਿਖਣ ਵਾਲੀ ਫੌਜ ਸੀ!

ਸਾਡੇ ਆਲੇ-ਦੁਆਲੇ ਇੱਕ ਰੂਹਾਨੀ ਲੜਾਈ ਲੜੀ ਜਾ ਰਹੀ ਹੈ, ਭਾਵੇਂ ਅਸੀਂ ਇਸਨੂੰ ਦੇਖ ਨਹੀਂ ਸਕਦੇ। ਬਾਈਬਲ ਇਹ ਚੀਜ਼ ਸਾਫ-ਸਾਫ ਦੱਸਦੀ ਹੈ ਕਿ ਸ਼ੈਤਾਨ ਮੌਜੂਦ ਹੈ ਅਤੇ ਉਹ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਅਸੀਂ ਰੂਹਾਨੀ ਰਾਜ ਨੂੰ ਮਤਲਬ ਪ੍ਰਮਾਤਮਾ ਦੇ ਰਾਜ ਨੂੰ ਨਜ਼ਰ ਅੰਦਾਜ ਕਰੀਏ। ਐਕਟਸ ਦੀ ਕਿਤਾਬ ਵਿੱਚ ਅੱਜ ਦੀ ਬਾਈਬਲ ਕਹਾਣੀ ਅਨੁਸਾਰ, ਈਸਾ ਮਸੀਹ ਨੂੰ ਸਵਰਗ ਲੈ ਜਾਇਆ ਗਿਆ ਹੈ। ਮੇਰੇ ਤੇ ਵਿਸ਼ਵਾਸ ਕਰੋ, ਸਵਰਗ ਤੇ ਨਰਕ ਅਸਲ 'ਚ ਮੌਜੂਦ ਹਨ। ਇਸ ਸੱਚੇ ਇਤਿਹਾਸਕ ਬਿਰਤਾਂਤ ਵਿੱਚ, ਈਸਾ ਮਸੀਹ ਦੇ ਜਾਣ ਤੋਂ ਬਾਅਦ, ਦੋ ਦੇਵਦੂਤ ਈਸਾਈ ਧਰਮ ਦੇ ਪ੍ਰਚਾਰਕਾਂ ਅੱਗੇ ਆਉਂਦੇ ਹਨ! ਇਸ ਤੇ ਯਕੀਨ ਕਰਨਾ ਬਹੁਤ ਹੀ ਔਖਾ ਲੱਗਦਾ ਹੈ ਕਿ ਸੱਚ-ਮੁੱਚ ਦੇਵਦੂਤ ਸਾਡੀ ਮਦਦ ਕਰਦੇ ਹਨ ਜਾਂ ਸ਼ੈਤਾਨ ਸਾਡੇ 'ਤੇ ਹਮਲਾ ਕਰਦੇ ਹਨ, ਪਰ ਇਹ ਚੀਜ਼ਾਂ ਅਸਲੀ ਜ਼ਿੰਦਗੀ ਨਾਲੋਂ ਕਿਤੇ ਸੱਚ ਹਨ। ਚਲੋ ਆਪਾਂ ਇਸ 'ਪ੍ਰਮਾਤਮਾ ਦਾ ਕਵਚ' ਪਾਠ 'ਤੇ ਕੁਝ ਅਧਿਐਨ ਕਰੀਏ ਅਤੇ ਇਸ ਨਾ ਦਿਖਣ ਵਾਲੀ ਦੁਨੀਆਂ ਬਾਰੇ ਹੋਰ ਜਾਣੀਏ। ਅਸੀਂ ਇੱਕ ਯੁੱਧ ਵਿੱਚ ਹਾਂ, ਭਾਵੇਂ ਸਾਨੂੰ ਇਹ ਪਸੰਦ ਹੋਵੇ ਜਾਂ ਨਾ। ਇਸੇ ਲਈ, ਚਲੋ ਆਪਾਂ ਪ੍ਰਮਾਤਮਾ ਦਾ ਪੂਰਾ ਕਵਚ ਪਹਿਨ ਲਈਏ ਕਿਉਂਕਿ ਆਪਾਂ ਦੁਸ਼ਮਣ ਨਾਲ ਲੜਨਾ ਹੈ!

## ਬੂਟ ਕੈਂਪ - ਪਾਠ 1

**ਅਸਾਈਨਮੈਂਟ - ਪਾਠ 1**

ਆਪਣੀ ਇੱਕ ਅਜਿਹੀ ਤਸਵੀਰ ਬਣਾਓ ਜਿਸ ਵਿੱਚ ਦੇਵਦੂਤ ਤੁਹਾਡੀ ਕਿਸੇ ਤਰੀਕੇ ਮਦਦ ਕਰ ਰਿਹਾ ਹੋਵੇ। ਕਿਸੇ ਅਜਿਹੀ ਖ਼ਤਰਨਾਕ ਜਗ੍ਹਾ ਬਾਰੇ ਜਾਂ ਭੈੜੇ ਹਾਲਾਤਾਂ ਬਾਰੇ ਸੋਚੋ ਜਿਨ੍ਹਾਂ 'ਚੋਂ ਤੁਸੀਂ ਗੁਜ਼ਰਦੇ ਹੋ।

**ਹੋਮਵਰਕ (ਵੱਡੇ ਵਿਦਅ◌ਾਰਥੀ) - ਪਾਠ 1**

1 ਤੋਂ 4 ਐਕਟਸ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 1

"ਮੈਂ ਇਸ ਨਾ ਦਿਖਣ ਵਾਲੀ ਦੁਨੀਆਂ 'ਤੇ ਯਕੀਨ ਕਰਦਾ ਹਾਂ ਅਤੇ ਪ੍ਰਮਾਤਮਾ ਦਾ ਪੂਰਾ ਕਵਚ ਪਹਿਨਣ ਲਈ ਤਿਆਰ ਹਾਂ।"

## ਪ੍ਰਸ਼ਨ ਅਤੇ ਉੱਤਰ - ਪਾਠ 1

1. ਤੁਸੀਂ ਅਜਿਹਾ ਕਿਹੜਾ ਸਬੂਤ ਦੇਖਿਆ ਹੈ ਜਿਸ ਨਾਲ ਇਹ ਪਤਾ ਚਲਦਾ ਹੋਵੇ ਕਿ ਚੰਗੀ ਤੇ ਬੁਰੀ ਨਾ ਦਿਖਣ ਵਾਲੀ ਦੁਨੀਆਂ ਵੀ ਵਸਦੀ ਹੈ?

ਆਪਣੇ ਵਿਦਿਆਰਥੀਆਂ ਨੂੰ ਉਹਨਾਂ ਲੋਕਾਂ ਦੀਆਂ ਕਹਾਣੀਆਂ ਸੁਣਾਕੇ ਉਤਸ਼ਾਹਿਤ ਕਰੋ ਜੋ ਕਿਸੇ ਦੁਰਘਟਨਾ ਜਾਂ ਬੀਮਾਰੀ 'ਚ ਬੁਰੀ ਤਰ੍ਹਾਂ ਫਸੇ ਹੋਣ ਪਰ ਬਿਨਾਂ ਕੋਈ ਨੁਕਸਾਨ ਹੋਏ ਬਚ ਵੀ ਗਏ। "ਸੁਪਨੇ" ਅਤੇ "ਸਹਿਜ ਗਿਆਨ" ਕਦੇ-ਕਦੇ ਸਾਨੂੰ ਆਪਣੇ ਦਮ 'ਤੇ ਸਹੀ ਫੈਸਲੇ ਲੈਣ 'ਚ ਮਦਦ ਕਰਦੇ ਹਨ ਉਹ ਵੀ ਬਿਨਾਂ ਕਿਸੇ ਬਾਹਰੀ ਮਦਦ ਤੋਂ। ਕਦੇ-ਕਦੇ ਜਦੋਂ ਕੁਝ ਸਮਝ 'ਚ ਨਹੀਂ

ਆਉਂਦਾ ਤਾਂ ਡਰ ਸਾਡੇ 'ਤੇ ਹਾਵੀ ਹੋ ਜਾਂਦਾ ਹੈ, ਅਤੇ ਫਿਰ ਅਸੀਂ ਸ਼ੈਤਾਨ ਨੂੰ ਕਹਿੰਦੇ ਹਾਂ ਕਿ ਸਾਨੂੰ ਇਕੱਲਾ ਛੱਡ ਦੇਵੇ ਅਤੇ ਮੁੜ ਤੋਂ ਅਸੀਂ ਸ਼ਾਂਤ ਹੋ ਜਾਂਦੇ ਹਾਂ।

2. ਕੀ ਤੁਸੀਂ ਅਜਿਹੇ ਲੋਕ ਦੇਖੇ ਹਨ ਜੋ ਗ਼ਲਤੀਆਂ ਕਰ ਚੁੱਕੇ ਹਨ ਅਤੇ ਜੋ ਪ੍ਰਮਾਤਮਾ ਦਾ ਕਵਚ ਪਹਿਨ ਕੇ ਵੀ ਬਚ ਨਾ ਸਕੇ? ਕੁਝ ਕਹਾਣੀਆਂ ਸਾਂਝੀਆਂ ਕਰੋ।

ਗੱਲ ਇਹ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਵਿਦਿਆਰਥੀਆਂ ਨੇ ਜੋ ਦੇਖਿਆ ਹੈ ਉਹ ਉਹਦੇ ਅਨੁਭਵ ਸਾਡੇ ਨਾਲ ਸਾਂਝੇ ਕਰਨ ਅਤੇ ਇਹ ਸਮਝਣ ਕਿ ਕਵਚ ਤੋਂ ਬਿਨਾਂ ਗ਼ਲਤੀਆਂ ਕਰਨੀਆਂ ਜਾਂ ਪਾਪ ਕਰਨੇ ਸੌਖੇ ਹਨ। ਅਸਲੀ ਨਾਮ ਨਾ ਵਰਤੋ!

ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੋ ਤੇ ਪੁੱਛੋ ਕਿ ਕੀ ਉਹ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹਨ ਜਿਸਨੇ ਕਦੇ ਈਸਾ ਮਸੀਹ ਨੂੰ ਦਿਲੋਂ ਪਿਆਰ ਕੀਤਾ ਹੋਵੇ, ਤੇ ਉਹ ਚਰਚ ਜਾਂਦਾ ਹੋਵੇ, ਪਰ ਹੁਣ ਉਹ ਨਾ ਜਾਂਦਾ ਹੋਵੇ।

3. ਤੁਹਾਨੂੰ ਕੀ ਲੱਗਦਾ ਹੈ ਕਿ ਸਾਡੇ ਆਲੇ-ਦੁਆਲੇ ਲੱਗੀ ਹੋਈ ਇਹ ਰੂਹਾਨੀ ਜੰਗ ਕਿਹੋ ਜਿਹੀ ਹੈ?

ਬਾਈਬਲ ਵਿੱਚ ਪਾਏ ਗਏ ਦੂਤਾਂ ਅਤੇ ਭੂਤਾਂ ਦੀਆਂ ਮਿਸਾਲਾਂ ਬਾਰੇ ਗੱਲ ਕਰੋ। (ਉਦਾਹਣ: ਡੇਨੀਅਲ 7, 9:21-23, y 10:5-14)

4. ਕਿਸਨੇ ਵਾਅਦਾ ਕੀਤਾ ਸੀ ਕਿ ਯਿਸੂ ਉਵੇਂ ਹੀ ਵਾਪਸ ਆਵੇਗਾ ਜਿਸ ਤਰ੍ਹਾਂ ਉਹ ਚਲਾ ਗਿਆ ਸੀ?

(ਚਿੱਟੇ ਕੱਪੜਿਆਂ 'ਚ ਦੋ ਆਦਮੀ, ਸ਼ਾਇਦ ਦੇਵਦੂਤ।)

5. ਐਕਟਸ 1: 8 'ਚੋਂ ਖਾਲੀ ਸਥਾਨ ਨੂੰ ਭਰੋ: ਤੁਸੀਂ... ______________________________________________


ਵਿੱਚ ਮੇਰੇ ਗਵਾਹ ਹੋਵੋਗੇ। ਅੱਜ ਇਸਦਾ ਸਾਡੇ ਲਈ ਕੀ ਮਤਲਬ ਹੈ?

(ਜੇਰੂਸਲੱਮ ਵਿੱਚ, ਪੂਰੇ ਜੁੜੀਆ ਅਤੇ ਸਮੇਰੀਆ ਵਿੱਚ, ਇੱਥੋਂ ਤੱਕ ਕਿ ਦੁਨੀਆਂ ਦੇ ਹਰ ਖੂੰਜੇ ਤੱਕ। ਜਿੱਥੇ ਵੀ ਅਸੀਂ ਜਾਂਦੇ ਹਾਂ ਉੱਥੇ ਲੋਕਾਂ ਨੂੰ ਈਸਾ ਮਸੀਹ ਬਾਰੇ ਦੱਸਣ ਲਈ, ਸਾਨੂੰ ਇਸਦੀ ਗਵਾਹੀ ਦੇਣੀ ਪਵੇਗੀ।

## ਗੇਮ: ਕ੍ਰਾਂਤੀ - ਪਾਠ 1

**ਸਮੱਗਰੀ**

ਕਾਗਜ਼ ਦੀਆਂ ਸ਼ੀਟਾਂ, ਪੈੱਨ, ਗੁਬਾਰੇ, ਅਤੇ ਸੰਗੀਤ (ਤੁਹਾਡੀ ਮਰਜ਼ੀ ਹੈ।)



**ਤਿਆਰੀ**

ਕਾਗਜ਼ ਦੀਆਂ ਸ਼ੀਟਾਂ 'ਤੇ ਅਗਲੇ 9 ਪਾਠਾਂ ਦੇ ਸਿਰਲੇਖ ਲਿਖੋ। ਗੁਬਾਰੇ 'ਚ ਹਵਾ ਭਰੋ ਅਤੇ ਇਸ ਗੁਬਾਰੇ ਨੂੰ ਬੰਦ ਕਰਨ ਤੋਂ ਪਹਿਲਾਂ ਇਸ ਵਿੱਚ ਇੱਕ ਕਾਗਜ਼ ਰੱਖ ਦਿਓ ਜਿਸ ਉੱਪਰ ਪਾਠ ਲਿਖਿਆ ਹੋਵੇ।

**ਗੇਮ ਖੇਡਣਾ**

1. ਵਿਦਿਆਰਥੀ ਇੱਕ ਚੱਕਰ ਬਣਾਕੇ ਬਹਿੰਦੇ ਹਨ ਅਤੇ ਚੱਕਰ ਦੇ ਆਲੇ-ਦੁਆਲੇ । ਗੁਬਾਰਾ ਅੱਗੇ ਭੇਜਦੇ ਰਹਿੰਦੇ ਹਨ। (ਪਹਿਲਾ ਵਿਦਿਆਰਥੀ ਇਸਨੂੰ ਆਪਣੇ ਸਿਰ ਦੇ ਉੱਤੋਂ ਦੀ ਲੰਘਾਉਂਦਾ ਹੈ, ਦੂਜਾ ਵਿਦਿਆਰਥੀ ਇਸਨੂੰ ਆਪਣੀਆਂ ਲੱਤਾਂ ਦੇ ਵਿਚਕਾਰ ਦੀ ਟਪਾਉਂਦਾ ਹੈ, ਆਦਿ।) ਉਹ ਵੀ ਉਨਾ ਚਿਰ ਜਿੰਨਾ ਚਿਰ ਅਧਿਆਪਕ ਉੱਚੀ ਨਹੀਂ ਚੀਕਦਾ ਜਾਂ ਸੀਟੀ ਨਹੀਂ ਵਜਾਉਂਦਾ। (ਔਪਸ਼ਨ: ਖੁਸ਼ੀ ਵਾਲਾ ਸੰਗੀਤ ਵਜਾਓ ਜਿਵੇਂ-ਜਿਵੇਂ ਉਹ ਗੁਬਾਰੇ ਅੱਗੇ ਇੱਕ-ਦੂਜੇ ਨੂੰ ਭੇਜਣ।)

2. ਜਦੋਂ ਅਧਿਆਪਕ ਚੀਕਦਾ ਹੈ, ਤਾਂ ਉਦੋਂ ਜਿਹੜੇ ਵਿਦਿਆਰਥੀ ਕੋਲ ਗੁਬਾਰਾ ਹੁੰਦਾ ਹੈ ਉਹ ਇਸਨੂੰ ਵਿਚਕਾਰ ਰੱਖ ਦਿੰਦਾ ਹੈ ਅਤੇ ਆਪਣੇ ਇੱਕ ਪੈਰ ਨਾਲ ਗੁਬਾਰਾ ਫੋੜ੍ਹ ਦਿੰਦਾ ਹੈ। ਫਿਰ ਵਿਦਿਆਰਥੀ ਕਾਗਜ਼ ਚੁੱਕਦਾ ਹੈ ਅਤੇ ਬਾਕੀਆਂ ਨੂੰ ਪੜ੍ਹਕੇ ਸੁਣਾਉਂਦਾ ਹੈ।

ਉਹ ਉਨਾ ਸਮਾਂ ਖੇਡਦੇ ਰਹਿੰਦੇ ਹਨ ਜਿਨਾ ਚਿਰ ਕਿ ਸਾਰੇ ਗੁਬਾਰੇ ਫੁੱਟ ਨਹੀਂ ਜਾਂਦੇ।

ਔਪਸ਼ਨ


1. ਜੇਕਰ ਤੁਹਾਡੇ ਕੋਲ ਵਿਦਿਆਰਥੀ ਜਿਆਦਾ ਹਨ, ਤਾਂ ਤੁਸੀਂ ਕਈ ਚੱਕਰ ਬਣਾ ਸਕਦੇ ਹੋ, ਜਾਂ ਫਿਰ ਇੱਕੋ ਸਮੇਂ 'ਤੇ ਇੱਕ ਤੋਂ ਵੱਧ ਗੁਬਾਰੇ ਅੱਗੇ-ਭੇਜ ਸਕਦੇ ਹੋ।

2. ਸਿਰਲੇਖਾਂ ਵਾਲੇ ਕਾਗਜ਼ਾਂ ਦੇ ਨਾਲ, ਤੁਸੀਂ ਟੌਫੀਆਂ ਜਾਂ ਵੱਖ-ਵੱਖ ਹਦਾਇਤਾਂ ਲਿਖਕੇ ਵੀ ਗੁਬਾਰਿਆਂ 'ਚ ਪਾ ਸਕਦੇ ਹੋ (ਜਿਵੇਂ ਕਿ ਚਰਚ ਦੇ ਆਲੇ-ਦੁਆਲੇ ਇੱਕ ਵਾਰ ਭੱਜਣਾ, ਆਦਿ।)

## ਬੁਝਾਰਤ ਦੇ ਉੱਤਰ - ਪਾਠ 1

| | | | | | | | | | |
|---|---|---|---|---|---|---|---|---|---|
| ਈ | ਲੱ | ਕ | ਹ | ਸਾ | ਸਾ | ੳ | ਮ | ਲੱ | ਈ |
| ਏ | ਈ | ਵਾ | ਸਾ | ਈ | ਸਾ | ਦੂ | ਆ | ਏ | ਦੂ |
| ਲੱ | ਗ | ਸਾ | ਦੂ | ਦੂ | ਸਾ | ਈ | ਆ | ਏ | ਤ |
| ਸਾ | ਜੀ | ਕ | ਈ | ਮ | ਤ | ਮ | ਈ | ਪਾ | ਈ |
| ਆ | ਵ | ੳ | ਮ | ਧ | ਈ | ਕ | ਸੀ | ਕ | ਸਾ |
| ੳ | ਤ | ਆ | ਤ | ਤ | ਰ | ੳ | ਮ | ਹ | ਪਿ |
| ਈ | ਈ | ਮਾ | ਬੱ | ਈ | ਈ | ਮ | ਸਿ | ਖਾ | ੳ |
| ਦਿ | ਨ | ਦੂ | ਸ | ਦ | ਦੂ | ਲੱ | ਦੇ | ਕ | ਤ |
| ਲੱ | ਕ | ਤ | ਵ | ਕ | ਲ | ਸ | ਦੂ | ਦੂ | ਆ |
| ਰਾ | ਦੂ | ਲੱ | ਰ | ਮ | ਲੱ | ਰੂ | ਤਾ | ਕ | ਤ |
| ਜ | ਈ | ੳ | ਗ | ਸਾ | ੳ | ਜੇ | ਆ | ਕ | ਈ |





# ਪਾਠ 2

## ਸਿਰਲੇਖ - ਪਾਠ 2


ਹਨੇਰੇ ਖਿਲਾਫ ਲੜੋ

## ਬਾਈਬਲ ਦੀ ਕਹਾਣੀ - ਪਾਠ 2

ਜੇਲ 'ਚ ਪੌਲ ਅਤੇ ਸਿਲਾਸ

ਐਕਟਸ 16:16-31

## ਬੈਜ (ਇਨਸਿਗਨਿਅਸ) - ਪਾਠ 2





ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):

ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ: 

ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ।

ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ।

## ਨਾਟਕ - ਪਾਠ 2

ਡੂਟੀ ਅਤੇ ਗਿਗਲ ਦੋਨੋਂ ਸਿਪਾਹੀ ਆਪਸ 'ਚ ਬਹਿਸ ਕਰਨਾ ਸ਼ੁਰੂ ਕਰ ਦਿੰਦੇ ਹਨ। ਸਰਜੈਂਟ ਅੱਪਰਾਈਟ ਦੇ ਸਿਪਾਹੀ ਗਿਗਲ ਅਤੇ ਡੂਟੀ ਦੋਨੋਂ ਰੁਕਾਵਟੀ ਕੋਰਸ ਰਾਹੀਂ ਲੰਘਦੇ ਹਨ, ਅਤੇ ਕੋਰਸ ਦੇ ਦੌਰਾਨ ਉਹ ਇੱਕ-ਦੂਜੇ ਨੂੰ ਤਾਅਨੇ-ਮਿਹਨੇ ਮਾਰਦੇ ਹਨ। ਰੁਕਾਵਟੀ ਕੋਰਸ ਪੂਰਾ ਕਰਨ ਤੋਂ ਬਾਅਦ, ਸਿਪਾਹੀ ਫਿਰ ਤੋਂ ਲੜਦੇ ਹਨ। ਸਰਜੈਂਟ ਲੜਾਈ ਕਰਨਾ ਬੰਦ ਕਰ ਦਿੰਦੇ ਹਨ, ਅਤੇ ਇੱਕ ਦੂਜੇ ਨੂੰ ਦੱਸਦੇ ਹਨ ਕਿ ਉਹ ਇੱਕ ਦੂਜੇ ਦੇ ਖਿਲਾਫ ਲੜਨ ਨਹੀਂ ਆਏ ਸਗੋਂ ਆਪਣੇ ਦੁਸ਼ਮਣ ਦੇ ਖਿਲਾਫ ਲੜਨ ਆਏ ਹਨ।

## ਯਾਦਦਾਸ਼ਤ ਤੁਕ - ਪਾਠ 2

"ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ ਇਖ਼ਤਿਆਰਾਂ, ਅਤੇ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ"

ਅਫ਼ਸੀਆਂ ਨੂੰ 6:12

## ਮੁੱਖ ਪਾਠ - ਪਾਠ 2

ਐਕਟਸ 16:16-31

ਅਸੀਂ ਮਨੁੱਖਾਂ ਖਿਲਾਫ ਨਹੀਂ ਲੜਦੇ ਸਗੋਂ ਸ਼ੈਤਾਨ ਖਿਲਾਫ ਅਤੇ ਉਸਦੀਆਂ ਹਨੇਰੇ ਭਰੀਆਂ ਰਿਆਸਤਾਂ ਖਿਲਾਫ ਲੜਦੇ ਹਨ। ਸ਼ੈਤਾਨ ਦਾ ਕੰਮ ਹੁੰਦਾ ਹੈ ਇੱਕ-ਦੂਜੇ 'ਚ ਗ਼ਲਤਫਹਿਮੀਆਂ ਪੈਦਾ ਕਰਨਾ ਅਤੇ ਇੱਕ-ਦੂਜੇ ਨੂੰ ਠੇਸ ਪਹੁੰਚਾਉਣ ਲਈ ਇਹ ਲੋਕਾਂ ਦਾ ਇਸਤੇਮਾਲ ਕਰਦਾ ਹੈ, ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀ ਲੜਾਈ ਹਮੇਸ਼ਾ ਉਸਦੇ ਖਿਲਾਫ ਹੈ! ਸਾਡੀ ਦੁਨੀਆਂ ਇੱਕ ਡਿੱਗੀ ਹੋਈ ਜਗ੍ਹਾ ਹੈ, ਅਤੇ ਮਨੁੱਖ ਹੋਣ ਦੇ ਨਾਤੇ, ਅਸੀਂ ਅਕਸਰ ਇੱਕ ਦੂਜੇ ਨੂੰ ਪਰੇਸ਼ਾਨ ਕਰਦੇ ਹਾਂ ਤੇ ਜ਼ੁਲਮ ਕਰਦੇ ਹਾਂ। ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਨੂੰ ਇੱਕ-ਦੂਜੇ ਨਾਲ ਬਿਲਕੁਲ ਵੀ ਲੜਨਾ ਨਹੀਂ ਚਾਹੀਦਾ, ਕਿਉਂਕਿ ਨਹੀਂ ਤਾਂ ਦੁਸ਼ਮਣ ਦੇ ਜਾਲ ਵਿੱਚ ਫਸਿਆ ਜਾਵੇਗਾ।

ਪ੍ਰਮਾਤਮਾ ਸਭ ਨੂੰ ਪਿਆਰ ਕਰਦਾ ਹੈ। ਜਦੋਂ ਵੀ ਅਸੀਂ ਕੋਈ ਗ਼ਲਤੀ ਕਰਦੇ ਹਾਂ ਤਾਂ ਸਾਡੀ ਜ਼ਿੰਦਗੀ 'ਤੇ ਪ੍ਰਮਾਤਮਾ ਦਇਆ ਕਰਦਾ ਹੈ ਜਿਸਦੇ ਲਈ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ, ਇਸ ਕਰਕੇ ਸਾਨੂੰ ਵੀ ਦੂਜਿਆਂ ਤੇ ਦਇਆ ਕਰਨੀ ਚਾਹੀਦੀ ਹੈ। ਕਦੇ-ਕਦੇ ਦੁਸ਼ਮਣ ਆਪਣੇ ਸ਼ਬਦਾਂ ਤੇ ਕੰਮਾਂ ਦਾ ਹੋਰ ਮਤਲਬ ਕੱਢ ਦਿੰਦਾ ਹੈ, ਤਾਂ ਜੋ ਅਸੀਂ ਇੱਕ-ਦੂਜੇ ਨਾਲ ਗੁੱਸੇ ਹੋ ਜਾਈਏ। ਪਰ, ਪ੍ਰਮਾਤਮਾ ਸਭ ਨੂੰ ਪਿਆਰ ਕਰਦਾ ਹੈ, ਅਤੇ ਇਸੇ ਲਈ ਸਾਨੂੰ ਵੀ ਹਰ ਕਿਸੇ ਨੂੰ ਪਿਆਰ ਕਰਨਾ ਚਾਹੀਦਾ ਹੈ।

ਐਕਟਸ ਦੀ ਕਿਤਾਬ ਵਿੱਚ ਅੱਜ ਦੀ ਬਾਈਬਲ ਕਹਾਣੀ ਅਨੁਸਾਰ, ਪੌਲ ਅਤੇ ਸਿਲਾਸ ਨੂੰ ਜੇਲ 'ਚ ਸੁੱਟ ਦਿੱਤਾ ਗਿਆ ਹੈ। ਰਖਵਾਲੇ ਉਹਨਾਂ 'ਤੇ ਬਹੁਤ ਹੀ ਬੇਰਹਿਮੀ ਦਿਖਾਉਂਦੇ ਹਨ, ਜਦੋਂ ਕਿ ਉਹਨਾਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ। ਪਰ, ਜਦੋਂ ਪ੍ਰਮਾਤਮਾ ਉਹਨਾਂ ਨੂੰ ਭੱਜਣ ਦਾ ਰਾਹ ਦਿਖਾਉਂਦੇ ਹਨ, ਤਾਂ ਉਹ ਰਖਵਾਲਿਆਂ ਨਾਲ ਬਦਲਾ ਨਹੀਂ ਲੈਂਦੇ, ਸਗੋਂ ਉਹ ਉਹਨਾਂ 'ਤੇ ਦਇਆ ਕਰਦੇ ਹਨ, ਤੇ ਰਖਵਾਲਿਆਂ ਦੀ ਤੇ ਉਹਨਾਂ ਦੇ ਪੂਰੇ ਪਰਿਵਾਰ ਦੀ ਸੁੱਖ ਮਨਾਉਂਦੇ ਹਨ! ਪੌਲ ਅਤੇ ਸਿਲਾਸ ਨੇ ਰਖਵਾਲਿਆਂ ਨੂੰ ਦੋਸ਼ੀ ਠਹਿਰਾ ਦਿੱਤਾ ਹੋਣਾ ਸੀ, ਪਰ ਬਜਾਏ ਇਸਦੇ ਉਹਨਾਂ ਨੇ ਇਹ ਯਾਦ ਰੱਖਿਆ ਕਿ ਉਹਨਾਂ ਦੀ ਲੜਾਈ ਸ਼ੈਤਾਨ ਦੇ ਖਿਲਾਫ ਹੈ ਅਤੇ ਨਾ ਕਿ ਲੋਕਾਂ ਖਿਲਾਫ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜਿਵੇਂ ਹੀ ਅਸੀਂ ਪ੍ਰਮਾਤਮਾ ਦਾ ਕਵਚ ਪਹਿਨਦੇ ਹਾਂ, ਤਾਂ ਇਹ ਰੂਹਾਨੀ ਹਨੇਰੇ ਖਿਲਾਫ ਲੜਨ ਲਈ ਹੁੰਦਾ ਹੈ ਅਤੇ ਨਾ ਕਿ ਸਾਥੀਆਂ ਨਾਲ ਲੜਨ ਲਈ!

## ਬੂਟ ਕੈਂਪ - ਪਾਠ 2

**ਅਸਾਈਨਮੈਂਟ - ਪਾਠ 2**



ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਕੰਮਾਂ ਅਤੇ ਸ਼ਬਦਾਂ 'ਤੇ ਧਿਆਨ ਰੱਖੋ ਅਤੇ ਰੂਹਾਨੀ ਹਮਲਿਆਂ ਨੂੰ ਪਹਿਚਾਣੋ। ਜਦੋਂ ਤੁਸੀਂ ਕਿਸੇ ਨੂੰ ਦੂਜੇ ਪ੍ਰਤੀ ਮਤਲਬੀ ਹੁੰਦੇ ਦੇਖਦੇ ਹੋ ਜਾਂ ਸੁਣਦੇ ਹੋ, ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਉਸ ਵੇਲੇ ਸ਼ੈਤਾਨ ਕਿੰਨਾ ਖੁਸ਼ ਹੁੰਦਾ ਹੈ ਅਤੇ ਪ੍ਰਮਾਤਮਾ ਕਿੰਨਾ ਦੁਖੀ ਹੁੰਦਾ ਹੈ। ਜੋ ਵੀ ਹੋਇਆ, ਆਪਣੇ ਅਧਿਆਪਕ ਨੂੰ ਉਹ ਦੱਸਣ ਦੀ ਤਿਆਰੀ ਕਰੋ, ਉਹ ਵੀ ਬਿਨਾਂ ਨਾਮ ਵਰਤੇ।

**ਹੋਮਵਰਕ (ਵੱਡੇ ਵਿਦਅ◌ਾਰਥੀ) - ਪਾਠ 2**

5 ਤੋਂ 7 ਐਕਟਸ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 2

"ਮੈਂ ਦੁਸ਼ਮਣ ਖਿਲਾਫ ਲੜਾਂਗਾ, ਤੇ ਨਾ ਕਿ ਮੇਰੇ ਆਸੇ-ਪਾਸੇ ਰਹਿੰਦੇ ਲੋਕਾਂ ਨਾਲ।"

## ਪ੍ਰਸ਼ਨ ਅਤੇ ਉੱਤਰ - ਪਾਠ 2

1. ਇਹਨਾਂ ਸ਼ਬਦਾਂ ਦਾ ਕੀ ਮਤਲਬ ਹੈ? "ਸ਼ਕਤੀਆਂ, ਅਧਿਕਾਰੀ, ਅਤੇ ਸ਼ਕਤੀਆਂ, ਜੋ ਇਸ ਹਨੇਰੇ ਭਰੀ ਦੁਨੀਆਂ ਤੇ ਸ਼ੈਤਾਨੀ ਰੂਹਾਂ ਨਾਲ ਭਰੀ ਦੁਨੀਆਂ ਤੇ ਰਾਜ ਕਰਦੇ ਹਨ।" ਅਫ਼ੀਜ਼ਨ 6:12

ਗੱਲ ਹੈ ਉਹਨਾਂ ਨੂੰ ਇਹ ਅਹਿਸਾਸ ਦਵਾਉਣ ਦੀ ਕਿ ਅਸੀਂ ਇੱਕ ਯੁੱਧ ਵਿੱਚ ਹਾਂ, ਅਤੇ ਸ਼ੈਤਾਨ ਤੇ ਭੂਤ ਸੱਚਮੁੱਚ ਵਿੱਚ ਅਸਲੀ ਹਨ, ਭਾਵੇਂ ਅਸੀਂ ਉਹਨਾਂ ਨੂੰ ਨਹੀਂ ਦੇਖ ਸਕਦੇ। 1 ਪੀਟਰ 5:8; ਖੁਲਾਸਾ 12:9

2. ਅਜਿਹੀਆਂ ਕਿਹੜੀਆਂ ਉਦਾਹਰਣਾਂ ਹਨ ਜਦੋਂ ਅਸੀਂ ਹਨੇਰੇ ਦੀ ਦੁਨੀਆਂ ਖਿਲਾਫ ਲੜਨ ਦੀ ਬਜਾਏ ਲੋਕਾਂ ਨਾਲ ਲੜੇ ਹੋਈਏ? ਉਦਾਹਰਣ: ਜਦੋਂ ਤੁਸੀਂ ਬਚਨ ਪੜ੍ਹਦੇ ਹੋ ਜਾਂ ਪ੍ਰਚਾਰ ਕਰਦੇ ਹੋ ਤੇ ਜੇਕਰ ਉਦੋਂ ਕੋਈ ਵਿਅਕਤੀ ਤੁਹਾਡਾ ਮਜ਼ਾਕ ਉਡਾਵੇ। ਜਦੋਂ ਸਾਡਾ ਸੁਭਾਅ ਬਹੁਤ ਹੀ ਨਿਮਰ ਹੋਵੇ, ਤੇ ਲੋਕ ਸੋਚਣ ਕਿ ਅਸੀਂ ਗੂੰਗੇ-ਕਮਲੇ ਹਾਂ। ਵਿਦਿਆਰਥੀਆਂ ਨੂੰ ਉਦਾਹਰਣ ਦੇਣ ਦੀ ਆਗਿਆ ਦਿਓ।

3. ਪ੍ਰਮਾਤਮਾ ਕਿਉਂ ਚਾਹੁੰਦੇ ਹਨ ਕਿ ਅਸੀਂ ਪ੍ਰਮਾਤਮਾ ਦੇ ਕਵਚ ਬਾਰੇ ਜਾਣੀਏ?
ਉਹ ਬਸ ਸਾਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਉਹ ਸਾਡੇ ਨਾਲ ਹਮੇਸ਼ਾ ਮੌਜੂਦ ਹਨ ਅਤੇ ਉਹ ਸਾਡੇ ਤੋਂ ਇਹ ਉਮੀਦ ਨਹੀਂ ਕਰਦੇ ਕਿ ਅਸੀਂ ਦੁਨੀਆਂ ਵਿੱਚ ਇਕੱਲੇ ਮਜ਼ਬੂਤੀ ਨਾਲ ਟਿਕ ਸਕਾਂਗੇ। ਸ਼ੈਤਾਨ ਖਿਲਾਫ ਖੜ੍ਹੇ ਰਹਿਣ ਲਈ ਸਾਨੂੰ ਜਿਸ ਕਿਸੇ ਚੀਜ਼ ਦੀ ਵੀ ਲੋੜ ਹੈ ਉਹ ਸਾਨੂੰ ਪ੍ਰਮਾਤਮਾ ਦਿੰਦੇ ਹਨ। ਉਹ ਸਾਨੂੰ "ਕਵਚ ਪਹਿਨਣ" ਲਈ ਆਖਦੇ ਹਨ ਕਿਉਂਕਿ ਅਸੀਂ ਉਹਨਾਂ ਦੀ ਮਦਦ ਲੈਣ ਤੋਂ ਇਨਕਾਰ ਵੀ ਕਰ ਸਕਦੇ ਹਾਂ ਅਤੇ ਆਪਣਾ ਜ਼ੋਰ ਲਾਕੇ ਵੀ ਸਾਰੀਆਂ ਕੋਸ਼ਿਸ਼ਾਂ ਖੁਦ ਕਰ ਸਕਦੇ ਹਾਂ।

4. ਜੇਲ 'ਚ ਸੁੱਟੇ ਜਾਣ ਤੋਂ ਪਹਿਲਾਂ ਪੌਲ ਅਤੇ ਸਿਲਾਸ ਨਾਲ ਕਿਹੜੀ ਦਰਦਨਾਕ ਘਟਨਾ ਵਾਪਰੀ? ਉਹਨਾਂ ਨੂੰ ਜਨਤਾ 'ਚ ਸੋਟੀਆਂ ਨਾਲ ਕੁੱਟਿਆ ਗਿਆ ਸੀ। ਐਕਟਸ 16:22-23,37

5. ਜੇਲਰ ਦੇ ਇਸ ਸਵਾਲ ਦਾ ਕੀ ਜਵਾਬ ਸੀ, "ਬਚਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ?"
ਉਹਨਾਂ ਨੇ ਉਹਨੂੰ ਦੱਸਿਆ, "ਪ੍ਰਮਾਤਮਾ ਈਸਾ ਮਸੀਹ 'ਚ ਵਿਸ਼ਵਾਸ ਰੱਖੋ ਅਤੇ ਤੁਸੀਂ ਬਚ ਜਾਓਗੇ।" ਐਕਟਸ 16:31

## ਗੇਮ: ਲੜਾਈ - ਪਾਠ 2



**ਸਮੱਗਰੀ**

6 ਵਿਦਿਆਰਥੀਆਂ ਵਾਲੇ ਹਰੇਕ ਗਰੁੱਪ ਲਈ ਪੱਛਮ ਦਾ ਇੱਕ ਛੋਟਾ ਜਿਹਾ ਗੋਲਾ

**ਗੇਮ ਖੇਡਣਾ**

1. 4-6 ਗਰੁੱਪ ਬਣਾਉਣ ਲਈ ਵਿਦਿਆਰਥੀਆਂ ਨੂੰ ਨੰਬਰ ਦੇ ਦਿਓ ਅਤੇ ਉਹਨਾਂ ਨੂੰ ਲਾਈਨਾਂ 'ਚ ਖੜ੍ਹੇ ਕਰ ਦਿਓ, ਹਰ ਗਰੁੱਪ 'ਚ ਥੋੜ੍ਹੀ-ਥੋੜ੍ਹੀ ਜਗ੍ਹਾ ਛੱਡ ਦਿਓ।

2. ਵਿਦਿਆਰਥੀਆਂ ਨਾਲ ਗੱਲਬਾਤ ਕਰੋ ਕਿ ਕਦੇ-ਕਦੇ ਸ਼ੈਤਾਨ ਸਾਨੂੰ ਆਪਣੇ ਰਾਹ ਤੋਂ ਭਟਕਾ ਸਕਦਾ ਹੈ, ਪਰ ਕੁਝ ਵੀ ਹੋ ਜਾਵੇ, ਇਹ ਯਾਦ ਰੱਖਿਓ ਕਿ ਇਹ ਸ਼ੈਤਾਨ ਹੀ ਹੈ ਜਿਸਦੇ ਖਿਲਾਫ ਅਸੀਂ ਲੜ ਰਹੇ ਹਾਂ। ਇਸ ਗੇਮ 'ਚ, ਅਸੀਂ ਹੀ ਹਾਂ ਜੋ ਆਪਣੇ ਆਪ ਨੂੰ ਬੰਨ੍ਹਦੇ ਹਾਂ, ਪਰ ਆਪਣੇ-ਆਪ ਨੂੰ ਮੁਕਤ ਕਰਨ ਲਈ, ਸਾਨੂੰ ਪੱਛਮ ਨੂੰ ਹਟਾਉਣਾ ਪਵੇਗਾ ਅਤੇ ਇਹ ਗੱਲ ਧਿਆਨ 'ਚ ਰੱਖਣੀ ਹੋਵੇਗੀ ਕਿ ਅਸੀਂ ਦੂਜਿਆਂ ਨਾਲ ਨਾ ਲੜੀਏ।

3. ਲਾਈਨ 'ਚ ਖੜ੍ਹੇ ਪਹਿਲੇ ਵਿਦਿਆਰਥੀ ਨੂੰ ਪੱਛਮ ਦਾ ਇੱਕ ਛੋਟਾ ਜਿਹਾ ਗੋਲਾ ਦਿਓ। ਪਹਿਲਾ ਵਿਦਿਆਰਥੀ ਪੱਛਮ ਦੀ ਸ਼ੁਰੂਆਤੀ ਨੋਕ ਫੜ੍ਹ ਲੈਂਦਾ ਹੈ ਅਤੇ ਪੱਛਮ ਦੇ ਗੋਲੇ ਨੂੰ ਅੱਗੇ ਲਾਈਨ 'ਚ ਭੇਜ ਦਿੰਦਾ ਹੈ ਜਦੋਂ ਤੱਕ ਕਿ ਇਹ ਅਖੀਰ ਤੱਕ ਨਹੀਂ ਪਹੁੰਚ ਜਾਂਦੀ, ਫਿਰ ਅਖੀਰਲਾ ਵਿਦਿਆਰਥੀ ਇਸਨੂੰ ਆਪਣੇ ਪਿੱਛੋਂ ਦੀ ਘੁਮਾਉਂਦਾ ਹੈ ਅਤੇ ਮੁੜ ਤੋਂ ਪਹਿਲੇ ਵਿਦਿਆਰਥੀ ਵੱਲ ਨੂੰ ਪੱਛਮ ਭੇਜਣੀ ਸ਼ੁਰੂ ਕਰ ਦਿੰਦਾ ਹੈ।

4. ਜਦੋਂ ਟੀਮਾਂ ਆਪੋ-ਆਪਣੇ ਪੱਛਮ ਦੇ ਗੋਲੇ ਨਾਲ ਖੁਦ ਨੂੰ ਬੰਨ੍ਹ ਲੈਂਦੀਆਂ ਹਨ, ਤਾਂ ਉਹਨਾਂ ਦਾ ਅਗਲਾ ਕੰਮ ਹੁੰਦਾ ਹੈ ਦੁਸ਼ਮਣ ਦੇ ਜਾਲ 'ਚੋਂ ਛੁੱਟਣਾ, ਅਤੇ ਪੱਛਮ ਦੇ ਗੋਲੇ ਤੋਂ ਖੁਦ ਨੂੰ ਮੁਕਤ ਕਰਨਾ। ਜਿਹੜੀ ਟੀਮ ਸਭ ਤੋਂ ਪਹਿਲਾਂ ਮੁਕਤ ਹੋ ਜਾਂਦੀ ਹੈ ਉਹ ਜਿੱਤ ਜਾਂਦੀ ਹੈ।

**ਔਪਸ਼ਨ**


ਤੁਸੀਂ ਉਸ ਗਰੁੱਪ ਨੂੰ ਇੱਕ ਇਨਾਮ ਜਾਂ ਵਾਹਵਾਹੀ ਦੇ ਸਕਦੇ ਹੋ ਜੋ ਆਪਸ ਵਿੱਚ ਬਿਨਾਂ ਲੜਾਈ ਕੀਤੇ ਮੁਕਤ ਹੋਇਆ ਹੋਵੇ।

## ਬੁਝਾਰਤ ਦੇ ਉੱਤਰ - ਪਾਠ 2

| | | | | | | | | | |
|---|---|---|---|---|---|---|---|---|---|
| ਸਿ | ਕ | ਪ੍ਰਾ | ਕ | ਗਾ | ਰ | ਪ੍ਰਾ | ਤ | ਸੁ | ਚੇ |
| ੳ | ੳ | ਕ | ਬ | ੳ | ਖਿ | ਨਾ | ਖਿ | ਰੱ | ਨ |
| ਗੁ | ਵਾ | ਸ | ਪ੍ਰਾ | ਆ | ਬ | ਪ੍ਰਾ | ਰੱ | ਖਿ | ਆ |
| ਵਾ | ਲਾ | ਖਿ | ਤ | ਰ | ਵਾ | ਰ | ਬ | ਆ | ਖਿ |
| ਸਿ | ਵਾ | ਮ | ਪ੍ਰਾ | ਆ | ਸਿ | ੳ | ਰ | ਖਿ | ਸਿ |
| ਆ | ਪ੍ਰਾ | ੳ | ਤ | ਰ | ਖਿ | ਪ੍ਰਾ | ਕ | ਆ | ਪੈ |
| ਭੀ | ਤ | ਆ | ਲ | ਬ | ਬ | ਜੇ | ਭੁ | ਚਾ | ਲ |
| ਕ | ਬ | ਜੇ | ਕ | ਤ | ਵਾ | ਨਾ | ਕ | ਰ | ਕ |
| ਸਿ | ਰ | ੳ | ਬ | ਰ | ੳ | ਬ | ਕ | ਆ | ਪ੍ਰਾ |
| ਕੇ | ਦੀ | ਪ੍ਰਾ | ਦ | ਬ | ਰ | ਨੈ | ਤ | ਰੋ | ਸਿ |





# ਪਾਠ 3

## ਸਿਰਲੇਖ - ਪਾਠ 3

ਡਟੇ ਰਹੋ

## ਬਾਈਬਲ ਦੀ ਕਹਾਣੀ - ਪਾਠ 3

ਸਟੀਫਨ ਦੀ ਮੌਤ

ਐਕਟਸ 6:8-15, 7:51-60

## ਬੈਜ (ਇਨਸਿਗਨਿਅਸ) - ਪਾਠ 3



ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):

ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ: 

ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ|

ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ|

## ਨਾਟਕ - ਪਾਠ 3

ਸਰਜੈਂਟ ਅੱਪਰਾਈਟ ਅਫਸਰ ਆਪਣੇ ਦੋਨਾਂ ਸਿਪਾਹੀਆਂ ਗਿਗਲ ਅਤੇ ਡੂਟੀ ਨੂੰ ਕਹਿੰਦਾ ਹੈ ਕਿ ਉਹ ਸਾਵਧਾਨ ਹੋਕੇ ਖੜ੍ਹੇ ਰਹਿਣ| ਫਿਰ ਸਿਪਾਹੀਆਂ ਦੇ ਪਿੱਛੇ ਸਰਜੈਂਟ ਅੱਪਰਾਈਟ ਅਫਸਰ ਇੱਕ ਬਹੁਤ ਉੱਚੀ ਆਵਾਜ਼ ਦਿੰਦਾ ਹੈ| ਉਹ ਛਾਲ ਮਾਰਦੇ ਹਨ ਅਤੇ ਭੱਜ ਜਾਂਦੇ ਹਨ| ਜਦੋਂ ਉਹ ਦੂਜੀ ਵਾਰ ਡਰਦੇ ਹਨ, ਤਾਂ ਉਹ ਇੱਕ-ਦੂਜੇ 'ਤੇ ਛਾਲ਼ ਮਾਰਦੇ ਹਨ| ਤੀਜੀ ਵਾਰ ਸਰਜੈਂਟ ਅਫਸਰ ਭਾਂਡਿਆਂ ਨਾਲ ਖੜਕਾ ਕਰਦਾ ਹੈ| ਆਖਿਰਕਾਰ, ਸਿਪਾਹੀ ਆਪਣੇ ਸਰਜੈਂਟ ਅਫਸਰ ਦੀਆਂ ਹਦਾਇਤਾਂ ਮੰਨਦੇ ਹੋਏ ਮਜ਼ਬੂਤੀ ਨਾਲ ਖੜ੍ਹੇ ਰਹਿੰਦੇ ਹਨ|

## ਯਾਦਦਾਸ਼ਤ ਤੁਕ - ਪਾਠ 3

"ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸ਼ਤ੍ਰ ਬਸ਼ਤ੍ਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ ਖਲੋ ਸੱਕੋ" ਅਫ਼ਸੀਆਂ ਨੂੰ 6:13

## ਮੁੱਖ ਪਾਠ - ਪਾਠ 3

ਐਕਟਸ 6:8-15, 7:51-60

ਜਿਵੇਂ ਕਿ ਅਸੀਂ 'ਪ੍ਰਮਾਤਮਾ ਦਾ ਕਵਚ' ਅਤੇ 'ਐਕਟਸ' ਦੀ ਕਿਤਾਬ ਪੜ੍ਹਦੇ ਹਾਂ, ਤਾਂ ਇਹ ਸਮਝਣਾ ਬਹੁਤ ਜਰੂਰੀ ਹੈ ਕਿ ਅਸੀਂ ਪ੍ਰਮਾਤਮਾ ਦਾ ਕਵਚ ਇਸ ਤਰ੍ਹਾਂ ਪਹਿਨੀਏ ਜਿਸ ਤਰ੍ਹਾਂ ਕਿ ਅਸੀਂ ਇਸਨੂੰ ਜਿਓਂ ਰਹੇ ਹੋਈਏ। ਸੱਚਾਈ ਦੀ ਬੈਲਟ ਪਾਉਣ ਲਈ ਤੁਸੀਂ ਪ੍ਰਾਰਥਨਾ ਨਹੀਂ ਕਰ ਸਕਦੇ। ਜਿਵੇਂ-ਜਿਵੇਂ ਤੁਸੀਂ ਆਪਣੇ ਮੂੰਹ ਨਾਲ ਸੱਚ ਬੋਲਦੇ ਜਾਓਗੇ, ਅਤੇ ਪ੍ਰਮਾਤਮਾ ਦੀ ਸੱਚਾਈ ਨੂੰ ਆਪਣੇ ਦਿਲ 'ਚ ਵਸਾਉਂਦੇ ਜਾਓਗੇ, ਤੁਹਾਡੀ ਸੱਚਾਈ ਦੀ ਬੈਲਟ ਆਪਣੇ-ਆਪ ਪਹਿਨੀ ਜਾਏਗੀ। ਨਾ ਹੀ ਤੁਸੀਂ ਵਿਸ਼ਵਾਸ ਭਰੀ ਸ਼ੀਲਡ ਪਾਉਣ ਲਈ ਪ੍ਰਾਰਥਨਾ ਕਰ ਸਕਦੇ ਹੋ। ਜਿਵੇਂ-ਜਿਵੇਂ ਤੁਸੀਂ ਵਿਸ਼ਵਾਸ ਨਾਲ ਜਿਉਂਦੇ ਹੋ, ਲੋਕਾਂ ਦੇ ਕਹਿਣੇ 'ਤੇ ਵਿਸ਼ਵਾਸ ਨਾ ਕਰਦੇ ਹੋਏ ਪ੍ਰਮਾਤਮਾ ਦੇ ਕਹਿਣੇ 'ਤੇ ਵਿਸ਼ਵਾਸ ਕਰਦੇ ਹੋ , ਤਾਂ ਆਪੇ ਹੀ ਤੁਹਾਡੀ ਵਿਸ਼ਵਾਸ ਭਰੀ ਸ਼ੀਲਡ ਤੁਹਾਡੇ ਹੱਥ 'ਚ ਹੋਵੇਗੀ ਅਤੇ ਤੁਸੀਂ ਦੁਸ਼ਮਣ ਤੋਂ ਆਪਣਾ ਬਚਾਅ ਕਰਨ ਲਈ ਇਸਨੂੰ ਵਰਤੋਗੇ। ਡਟੇ ਰਹਿਣ ਲਈ ਵੀ ਇਹੀ ਤਰੀਕਾ ਲਾਗੂ ਹੁੰਦਾ ਹੈ। ਡਟੇ ਰਹਿਣ ਲਈ ਵੀ ਤੁਹਾਨੂੰ ਪ੍ਰਾਰਥਨਾ ਦੇ ਕੋਈ ਖਾਸ ਵਾਕ ਬੋਲਣ ਦੀ ਲੋੜ ਨਹੀਂ। ਜਿਵੇਂ ਹੀ ਤੁਸੀਂ ਪ੍ਰਮਾਤਮਾ 'ਤੇ ਵਿਸ਼ਵਾਸ ਕਾਇਮ ਰੱਖਦੇ ਹੋ ਅਤੇ ਹੌਂਸਲਾ ਨਹੀਂ ਛੱਡਦੇ, ਤੁਸੀਂ ਆਪੇ ਹੀ ਡਟੇ ਰਹਿੰਦੇ ਹੋ।

ਐਕਟਸ ਦੀ ਕਿਤਾਬ ਵਿੱਚ ਅੱਜ ਦੀ ਬਾਈਬਲ ਕਹਾਣੀ ਅਨੁਸਾਰ, ਸਟੀਫਨ ਸਾਡੇ ਲਈ ਇੱਕ ਬਹੁਤ ਹੀ ਵਧੀਆ ਉਦਾਹਰਣ ਸੀ। ਉਹ ਬਹੁਤ ਹੀ ਇਮਾਨਦਾਰ ਅਤੇ ਬੁੱਧੀਮਾਨ ਆਦਮੀ ਸੀ, ਜਿਸਨੇ ਲਗਾਤਾਰ ਆਪਣਾ ਕਵਚ ਪਹਿਨੇ ਰੱਖਿਆ। ਜਦੋਂ ਉਸਦੇ ਖਿਲਾਫ ਧਾਰਮਿਕ ਵਿਰੋਧ ਹੋਣ ਲੱਗਿਆ, ਤਾਂ ਵੀ ਉਹ ਮਜ਼ਬੂਤੀ ਨਾਲ ਖੜ੍ਹਾ ਰਿਹਾ ਤੇ ਉਸਨੇ ਆਪਣਾ ਵਿਸ਼ਵਾਸ ਨਾ ਛੱਡਿਆ, ਭਾਵੇਂ ਉਹਦੇ ਲਈ ਮੌਤ ਦੀ ਨੌਬਤ ਹੀ ਕਿਉਂ ਨਾ ਆ ਗਈ ਸੀ।

ਧਾਰਮਿਕ ਆਗੂ ਉਸਦੇ ਨਾਲ ਬਹੁਤ ਗੁੱਸਾ ਹੋਏ ਕਿਉਂਕਿ ਉਹ ਈਸਾ ਮਸੀਹ ਦਾ ਪ੍ਰਚਾਰ ਕਰ ਰਿਹਾ ਸੀ, ਜਿਸ ਕਰਕੇ ਉਹਨਾਂ ਨੇ ਭੀੜ ਨੂੰ ਹਿੰਸਾ ਕਰਨ ਲਈ ਭੜਕਾਇਆ ਅਤੇ ਆਖਿਰਕਾਰ ਪੱਥਰਾਂ ਦੀ ਮਾਰ ਨਾਲ ਸਟੀਫਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਾਈਬਲ ਦੀ ਇਸ ਪੂਰੀ ਕਹਾਣੀ ਦੇ ਚਲਦੇ, ਸਟੀਫਨ ਮਜ਼ਬੂਤੀ ਨਾਲ ਖੜ੍ਹਾ ਰਿਹਾ ਤੇ ਉਸਨੇ ਆਪਣਾ ਵਿਸ਼ਵਾਸ ਨਾ ਛੱਡਿਆ, ਅਤੇ ਲੋਕਾਂ ਦੀ ਸੋਚ ਮਗਰ ਲੱਗਕੇ ਆਪਣੀ ਸੋਚ ਨਹੀਂ ਬਦਲੀ। ਜਿਵੇਂ ਤੁਸੀਂ ਪ੍ਰਮਾਤਮਾ 'ਤੇ ਵਿਸ਼ਵਾਸ ਕਰਦੇ ਹੋ ਅਤੇ ਇਸਦੇ ਲਈ ਕੋਈ ਵੀ ਮਾਰ ਝੱਲਣ ਨੂੰ ਰਾਜੀ ਹੋ, ਤਾਂ ਤੁਸੀਂ ਡਟੇ ਹੋਏ ਹੋ, ਅਤੇ ਜਿਵੇਂ ਹੀ ਤੁਸੀਂ ਪ੍ਰਮਾਤਮਾ ਦਾ ਪੂਰਾ ਕਵਚ ਪਹਿਨ ਲਿਆ ਤਾਂ ਤੁਸੀਂ ਮਜ਼ਬੂਤੀ ਨਾਲ ਡਟੇ ਹੋਏ ਹੋ।

## ਬੂਟ ਕੈਂਪ - ਪਾਠ 3

**ਅਸਾਈਨਮੈਂਟ - ਪਾਠ 3**



ਸਕੂਲ 'ਚ ਇੱਕ ਬਾਈਬਲ ਲਿਆਓ ਅਤੇ ਇਸਨੂੰ ਆਪਣੇ ਬੈਗ 'ਚ ਨਾ ਛੁਪਾਓ। ਜਿਸਤੇ ਵੀ ਤੁਹਾਡਾ ਵਿਸ਼ਵਾਸ ਹੈ ਉਸਦੇ ਲਈ ਖੜ੍ਹੇ ਰਹੋ ਡਟੇ ਰਹੋ ਅਤੇ ਇੱਕ ਈਸਾਈ ਹੋਣ 'ਚ ਸ਼ਰਮ ਮਹਿਸੂਸ ਨਾ ਕਰੋ।

**ਹੋਮਵਰਕ (ਵੱਡੇ ਵਿਦਅ ਾਰਥੀ) - ਪਾਠ 3**

8 ਤੋਂ 10 ਐਕਟਸ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 3

"ਮੈਂ ਡਟੇ ਰਹਾਂਗਾ।"

## ਪ੍ਰਸ਼ਨ ਅਤੇ ਉੱਤਰ - ਪਾਠ 3

1. ਮਨੁੱਖੀ ਜੀਵਨ 'ਚ ਕਿਹੜੇ-ਕਿਹੜੇ ਉਤਰਾਅ ਚੜ੍ਹਾਅ ਆਉਂਦੇ ਹਨ?

ਉਦਾਹਰਣਾਂ: ਇੱਕ ਸਮੈਸਟਰ 'ਚ ਵਿਦਿਆਰਥੀ ਬਹੁਤ ਵਧੀਆ ਨੰਬਰ ਲੈਂਦਾ ਹੈ ਅਤੇ ਦੂਜੇ 'ਚ ਬਹੁਤ ਬੁਰੇ। ਇੱਕ ਵਿਅਕਤੀ ਇੱਕ ਦਿਨ ਤਾਂ ਬਹੁਤ ਖੁਸ਼ ਹੈ ਪਰ ਅਗਲੇ ਦਿਨ ਬਹੁਤ ਦੁਖੀ। ਇੱਕ ਵਿਅਕਤੀ ਕੋਲ ਬਹੁਤ ਪੈਸੇ ਹਨ ਪਰ ਉਹ ਇਹ ਸਾਰੇ ਗੁਆ ਬੈਠਦਾ ਹੈ ਅਤੇ ਗਰੀਬ ਹੋ ਜਾਂਦਾ ਹੈ। ਇੱਕ ਵਿਅਕਤੀ ਜੋ ਕਹਿੰਦਾ ਹੈ ਕਿ ਉਹ ਬਹੁਤ ਮਜ਼ਬੂਤ ਹੈ ਅਤੇ ਕਦੇ ਕੋਈ ਪਾਪ ਨਹੀਂ ਕਰਦਾ, ਪਰ ਫਿਰ ਉਹ ਇੱਕ ਜਿਨਸੀ ਪਾਪ 'ਚ ਫੜ੍ਹਿਆ ਜਾਂਦਾ ਹੈ।

2. ਸਾਨੂੰ ਸ਼ੈਤਾਨ ਖਿਲਾਫ ਕਦੋਂ ਖੜ੍ਹੇ ਹੋਣ ਦੀ ਲੋੜ ਹੈ?

ਜਦੋਂ ਅਸੀਂ ਝੂਠ ਬੋਲਣ ਲਈ ਉਤਾਵਲੇ ਹੁੰਦੇ ਹਾਂ। ਜਦੋਂ ਕੋਈ ਸਾਨੂੰ ਅਜਿਹੀ ਜਗ੍ਹਾ ਤੇ ਆਉਣ ਲਈ ਨਿਵੇਦਨ ਕਰਦਾ ਹੈ ਜਿੱਥੇ ਨਾਬਾਲਿਗਾਂ ਨੂੰ ਨਹੀਂ ਜਾਣਾ ਚਾਹੀਦਾ, ਜਾਂ ਫਿਰ ਅਸੀਂ ਕੋਈ ਅਜਿਹਾ ਪੈੱਨ ਚੋਰੀ ਕਰਨ ਜਾ ਰਹੇ ਹੁੰਦੇ ਹਾਂ ਜੋ ਸਾਨੂੰ ਬਹੁਤ ਜਿਆਦਾ ਪਸੰਦ ਹੈ। ਸਾਨੂੰ ਹਮੇਸ਼ਾ ਮਜ਼ਬੂਤ ਰਹਿਣਾ ਪਵੇਗਾ ਕਿਉਂਕਿ ਅਸੀਂ ਲਗਾਤਾਰ ਇੱਕ ਯੁੱਧ ਵਿੱਚ ਖੜ੍ਹੇ ਹਾਂ।

3. ਮਜ਼ਬੂਤ ਬਣੇ ਰਹਿਣ ਲਈ ਅਜਿਹਾ ਕਿਹੜਾ ਜਰੂਰੀ ਐਕਟ ਹੈ ਜੋ ਸਾਨੂੰ ਕਰਨ ਦੀ ਲੋੜ ਹੈ?

ਇਸ ਤਰੀਕੇ ਨਾਲ ਜਿਉਣਾ ਸਿੱਖੋ ਕਿ ਅਸੀਂ ਆਪਣੇ ਕਵਚ ਨੂੰ ਹਮੇਸ਼ਾ ਹੀ ਪਹਿਨੇ ਹੋਏ ਹਾਂ।

4. ਕਿਸਦਾ ਚਿਹਰਾ ਇੱਕ ਦੇਵਦੂਤ ਵਰਗਾ ਹੈ ਜਿਸਤੇ ਝੂਠੇ ਦੋਸ਼ ਲਾਏ ਗਏ ਸਨ?

ਸਟੀਵਨ

5. ਮਰਨ ਤੋਂ ਪਹਿਲਾਂ ਉਸਨੇ ਕੀ ਕਿਹਾ?

"ਮਾਸਟਰ, ਉਹਨਾਂ 'ਤੇ ਇਸ ਪਾਪ ਦੇ ਦੋਸ਼ ਨਾ ਲਾਓ।" 7:56 ਐਕਟ ਅਤੇ 7 ਐਕਟ: 59-60


## ਗੇਮ: ਲੜਾਈ - ਪਾਠ 3

**ਸਮੱਗਰੀ**

ਗੇਂਦ, ਮਾਸਕਿੰਗ ਟੇਪ

**ਤਿਆਰੀ**

ਫ਼ਰਸ਼ ਜਾਂ ਧਰਤੀ 'ਤੇ ਖਿਡਾਰੀਆਂ ਦੇ ਸਥਾਨਾਂ 'ਤੇ ਨਿਸ਼ਾਨੀਆਂ ਲਾਓ।



**ਗੇਮ ਖੇਡਣਾ**

1. ਆਪਣੀ ਕਲਾਸ ਨੂੰ ਦੋ ਗਰੁੱਪਾਂ 'ਚ ਵੰਡ ਦਿਓ, ਜੇਕਰ ਤੁਹਾਡੇ ਕੋਲ 20 ਤੋਂ ਵੱਧ ਵਿਦਿਆਰਥੀ ਹਨ ਤਾਂ ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਸ਼ਿਫਟਾਂ 'ਚ ਖੇਡਿਓ ਅਤੇ ਹਰ ਟੀਮ 'ਚ 8 ਤੋਂ ਵੱਧ ਖਿਡਾਰੀ ਨਾ ਹੋਣ।

2. ਖਿਡਾਰੀ ਆਪਣੇ ਨਿਸ਼ਾਨ ਲੱਗੀ ਥਾਂ 'ਤੇ ਖੜ੍ਹੇ ਹਨ ਜੋ ਨਿਸ਼ਾਨ ਪਹਿਲਾਂ ਫ਼ਰਸ਼ ਜਾਂ ਧਰਤੀ 'ਤੇ ਲਗਾਏ ਗਏ ਸਨ ਅਤੇ ਇਹ ਘੱਟੋ-ਘੱਟ ਇੱਕ ਬਾਂਹ ਦੀ ਦੂਰੀ 'ਤੇ ਲੱਗੇ ਹੋਣ।

3. ਅਧਿਆਪਕ ਹੌਲੀ ਜਿਹੇ ਗੇਂਦ ਸੁੱਟਦਾ ਹੈ। ਇੱਕ ਟੀਮ ਆਪਣੇ ਪਾਸੇ ਗੇਂਦ ਨੂੰ ਗੋਲ 'ਚ ਪਾਉਣਾ ਚਾਹੁੰਦੀ ਹੈ, ਅਤੇ ਦੂਜੀ ਟੀਮ ਆਪਣੇ ਪਾਸੇ।

4. ਜਿੰਨਾ ਚਿਰ ਖਿਡਾਰੀ ਗੋਲ ਨਹੀਂ ਕਰ ਲੈਂਦੇ ਉਹ ਆਪਣੇ ਸਥਾਨ ਤੋਂ ਨਹੀਂ ਹਿੱਲ ਸਕਦੇ ਅਤੇ ਸਿਰਫ ਘੁੰਮ ਸਕਦੇ ਹਨ, ਉਹ ਵੀ ਇੱਕ ਸਮੇਂ 'ਤੇ ਸਿਰਫ ਇੱਕ ਪੈਰ ਹਿਲਾਕੇ।


**ਔਪਸ਼ਨ**

1. ਤੁਸੀਂ ਅੰਦਰ ਫ਼ਰਸ਼ 'ਤੇ ਵੀ ਖੇਡ ਸਕਦੇ ਹੋ ਅਤੇ ਰੰਗੀਨ ਟੇਪ ਦੀ ਮਦਦ ਨਾਲ ਨਿਸ਼ਾਨੀਆਂ ਲਗਾ ਸਕਦੇ ਹੋ।


2. ਖਿਡਾਰੀ ਖੜ੍ਹਨ ਦੀ ਬਜਾਏ ਕੁਰਸੀਆਂ 'ਤੇ ਬੈਠ ਸਕਦੇ ਹਨ।

## ਬੁਝਾਰਤ ਦੇ ਉੱਤਰ - ਪਾਠ 3

| | | | | | | | | | | |
|---|---|---|---|---|---|---|---|---|---|---|
| ਸ | ਵਾ | ਆ | ਤੀ | ਦੇ | ਪ੍ਰਾ | ਵਾ | ਉ | ਨ | ਆ | ਰ |
| ਆ | ਖਿ | | ਨ | ਸ਼ | ਵਾ | ਰ | ਈ | ਈ | ਤ | ਉ |
| ਰੱ | ਆ | ਸੀ | ਵਾ | ਲਾ | ਉ | ਹਿ | ਬ | ਪੁੱ | ਈ | ਸੀ |
| ਸ | ਸ | ਪੱ | ਸ | ਉ | ਸ | ਸ਼ | ਈ | ਨਾ | ਨ | ਸ |
| ਨ | ਵ | ਥ | ਉ | ਣ | ਤੀ | ਸੀ | ਚੇ | ਲਾ | ਕੀ | ਰੱ |
| ਸ | ਸੀ | ਰ | ਸ | ਵਾ | ਸ | ਹ | ਈ | ਨ | ਈ | ਤੀ |
| ਨ | ਸ | ਬਾ | ਗ | ਲੇ | ਸੀ | ਵਾ | ਸ | ਰੱ | ਰੱ | ਸ |
| ਪਾ | ਪ | ਜ਼ੀ | ਤੀ | ਮ | ਆ | ਰੱ | ਤੀ | ਟੀ | ਵਾ | ਜ |
| ਸੀ | ਉ | ਆ | ਸਾ | ਪ੍ਰ | ਮਾ | ਤ | ਮਾ | ਉ | ਫ | ਵਾ |
| ਸ | ਸ | ਈ | ਸੀ | ਉ | ਨ | ਆ | ਮਾ | ਰੱ | ਸ | ਨ |







# ਪਾਠ 4

## ਸਿਰਲੇਖ - ਪਾਠ 4


**ਸੱਚਾਈ ਭਰੀ ਬੈਲਟ**

## ਬਾਈਬਲ ਦੀ ਕਹਾਣੀ - ਪਾਠ 4

**ਐਨਾਨਾਇਸ ਅਤੇ ਸਫਾਇਰਾ**

**ਐਕਟ** 5:1-10

## ਬੈਜ (ਇਨਸਿਗਨਿਅਸ) - ਪਾਠ 4





**ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):**

**ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ:** 

**ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ।**

**ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ।**

## ਨਾਟਕ - ਪਾਠ 4

**ਬੈਰਕ (ਸਿਪਾਹੀਆਂ ਦੇ ਲਈ ਬਣੇ ਘਰ) ਵਿੱਚ ਗਿਗਲ ਸਿਪਾਹੀ ਡੂਟੀ ਸਿਪਾਹੀ ਨੂੰ ਗੱਪ ਮਾਰਦੀ ਹੈ ਤੇ ਸ਼ੇਖੀ ਮਾਰਦੀ ਹੈ, ਜਿਸ ਨਾਲ ਕਿ ਉਹ ਆਪਣੀ ਬੈਲਟ ਗੁਆ ਦਿੰਦੀ ਹੈ। ਇੱਕ ਟਰੇਨਿੰਗ ਦੇ ਮਿਸ਼ਨ 'ਤੇ, ਗਿਗਲ ਸਿਪਾਹੀ ਡੂਟੀ ਸਿਪਾਹੀ ਤੋਂ ਲਗਾਤਾਰ ਸਮਾਨ ਉਧਾਰ ਮੰਗਦੀ ਰਹਿੰਦੀ ਹੈ। ਸਰਜੈਂਟ ਔੱਪਰਾਈਟ ਅਫਸਰ ਗਿਗਲ ਤੋਂ ਉਸਦੀ ਬੈਲਟ ਬਾਰੇ ਪੁੱਛਦਾ ਹੈ, ਤਾਂ ਉਹ ਝੂਠ ਬੋਲਦੀ ਹੈ। ਆਖਿਰਕਾਰ, ਗਿਗਲ ਆਪਣੇ ਸਰਜੈਂਟ ਅਫਸਰ ਸਾਹਮਣੇ ਮੰਨ ਹੀ ਲੈਂਦੀ ਹੈ ਕਿ ਉਹ ਆਪਣੀ ਬੈਲਟ ਪਿੱਛੇ ਛੱਡ ਆਈ, ਡੂਟੀ ਤੋਂ ਵੀ ਝੂਠ ਬੋਲਣ ਕਰਕੇ ਮਾਫ਼ੀ ਮੰਗਦੀ ਹੈ, ਅਤੇ ਆਪਣੀ ਬੈਲਟ ਲੈਣ ਲਈ ਵਾਪਸ ਜਾਂਦੀ ਹੈ।**

## ਯਾਦਦਾਸ਼ਤ ਤੁਕ - ਪਾਠ 4

**"ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ" ਅਫ਼ਸੀਆਂ ਨੂੰ** 6:14

## ਮੁੱਖ ਪਾਠ - ਪਾਠ 4

**ਐਕਟ 5:1-10**

ਅਫ਼ੀਜ਼ਨ ਦੇ ਅਧਿਆਇ 6 'ਚ ਕਵਚ ਦਾ ਪਹਿਲਾਂ ਟੁਕੜਾ ਦੱਸਿਆ ਗਿਆ ਹੈ, ਸੱਚਾਈ ਭਰੀ ਬੈਲਟ, ਜੋ ਸਿਪਾਹੀ ਦੀ ਕਮਰ ਦੇ ਨਾਲ ਕਸੀ ਹੋਵੇਗੀ ਅਤੇ ਪੂਰੇ ਕਵਚ ਨੂੰ ਫੜ੍ਹੇ ਰੱਖਣ 'ਚ ਮਦਦ ਕਰੇਗੀ। ਸਿਪਾਹੀ ਦੇ ਕਵਚ ਨੂੰ ਬੈਲਟ ਫੜ੍ਹੇ ਰੱਖਦੀ ਹੈ, ਤਲਵਾਰ ਨੂੰ ਵੀ ਟਿਕਾਏ ਰੱਖਦੀ ਹੈ, ਅਤੇ ਇਹ ਇੱਕ ਅਜਿਹੀ ਚੀਜ਼ ਹੈ ਜਿਸਨੂੰ ਸਿਪਾਹੀ ਕਦੇ ਵੀ ਉਤਾਰੇਗਾ ਨਹੀਂ। ਅਸਲ 'ਚ, ਜੇਕਰ ਸਿਪਾਹੀ ਕੋਲ ਸੱਚਾਈ ਭਰੀ ਬੈਲਟ ਨਾ ਹੁੰਦੀ, ਤਾਂ ਸ਼ਾਇਦ ਉਹਨਾਂ ਦੇ ਕੱਪੜੇ ਡਿੱਗ ਗਏ ਹੁੰਦੇ, ਅਤੇ ਉਹ ਹਰ ਇੱਕ ਦੇ ਸਾਹਮਣੇ ਸ਼ਰਮਿੰਦਾ ਹੋ ਗਏ ਹੁੰਦੇ!

ਸੱਚਾਈ ਦਾ ਇੱਕ ਹਿੱਸਾ ਹੈ ਕਿ ਤੁਹਾਡੇ ਮੂੰਹ 'ਚੋਂ ਕੀ ਨਿੱਕਲਦਾ ਹੈ। ਸਾਨੂੰ ਈਸਾਈ ਹੋਣਾ ਚਾਹੀਦਾ ਹੈ ਜੋ ਸਿਰਫ ਸੱਚ ਬੋਲਦੇ ਹਨ, ਨਾ ਹੀ ਮਾਤਾ-ਪਿਤਾ ਸਾਹਮਣੇ ਤੇ ਨਾ ਹੀ ਪ੍ਰਮਾਤਮਾ ਸਾਹਮਣੇ ਝੂਠ ਬੋਲਦੇ ਹਨ। ਪਰ ਸੱਚਾਈ ਭਰੀ ਬੈਲਟ ਦਾ ਇੱਕ ਹਿੱਸਾ ਇਹ ਵੀ ਹੀ ਕਿ ਅਸੀਂ ਪ੍ਰਮਾਤਮਾ ਤੇ ਉਸਦੇ ਬਚਨਾਂ 'ਤੇ ਕਿੰਨ੍ਹਾ ਕੁ ਵਿਸ਼ਵਾਸ ਕਰਦੇ ਹਾਂ। ਹਕੀਕਤ ਇਹ ਹੈ ਕਿ ਸਾਡੇ ਦੁਸ਼ਮਣ ਤੇ ਸ਼ੈਤਾਨ, ਸਾਨੂੰ ਹਮੇਸ਼ਾ ਅਜਿਹੀਆਂ ਚੀਜ਼ਾਂ 'ਤੇ ਵਿਸ਼ਵਾਸ ਕਰਨ ਲਈ ਝੂਠ ਬੋਲਣ ਬੋਲਦੇ ਹਨ ਜੋ ਸੱਚ ਹੀ ਨਹੀਂ ਹਨ।

ਅੱਜ ਦੀ ਬਾਈਬਲ ਦੀ ਕਹਾਣੀ ਵਿੱਚ, ਐਨਾਨਾਇਸ ਅਤੇ ਸਫਾਇਰਾ ਨੇ ਇਹ ਝੂਠ 'ਤੇ ਵਿਸ਼ਵਾਸ ਕਰ ਲਿਆ ਕਿ ਆਪਣੇ ਧਰਮ ਦੇ ਪ੍ਰਚਾਰਕਾਂ ਨਾਲ ਇਮਾਨਦਾਰੀ ਰੱਖਣੀ ਕੋਈ ਖਾਸ ਜਰੂਰੀ ਨਹੀਂ। ਉਹਨਾਂ ਨੇ ਇਹ ਵਿਖਾਵਾ ਕੀਤਾ ਕਿ ਉਹਨਾਂ ਨੇ ਜ਼ਾਇਦਾਦ ਨੂੰ ਘੱਟ ਪੈਸਿਆਂ ਲਈ ਵੇਚ ਦਿੱਤਾ ਸੀ ਜਦੋਂ ਕਿ ਉਹਨਾਂ ਨੂੰ ਅਸਲ 'ਚ ਵੱਧ ਪੈਸੇ ਮਿਲੇ ਸਨ। ਉਹਨਾਂ ਨੇ ਆਪਣੇ ਦੁਸ਼ਮਣ 'ਤੇ ਵਿਸ਼ਵਾਸ ਕੀਤਾ ਜਿਸਨੇ ਉਹਨਾਂ ਨੂੰ ਕਿਹਾ ਕਿ ਨਾ ਤਾਂ ਪ੍ਰਮਾਤਮਾ ਉਹਨਾਂ ਨੂੰ ਦੇਖ ਸਕਦਾ ਹੈ ਅਤੇ ਨਾ ਹੀ ਵੇਚੀ ਜ਼ਾਇਦਾਦ ਦੀ ਜਾਣਕਾਰੀ ਪ੍ਰਮਾਤਮਾ ਨੂੰ ਪਤਾ ਲੱਗੇਗੀ। ਪਰ ਪ੍ਰਮਾਤਮਾ ਨੂੰ ਸਭ ਦਿਖਾਈ ਦਿੰਦਾ ਹੈ। ਧਰਮ ਦੇ ਪ੍ਰਚਾਰਕ ਹੀ ਪ੍ਰਮਾਤਮਾ ਦੇ ਪ੍ਰਤੀਨਿਧੀ ਸਨ। ਜਿਵੇਂ ਹੀ ਉਹਨਾਂ ਨੇ ਧਰਮ ਦੇ ਪ੍ਰਚਾਰਕਾਂ ਨੂੰ ਝੂਠ ਬੋਲਿਆ, ਇਹਦਾ ਮਤਲਬ ਇਹੋ ਹੋਇਆ ਕਿ ਉਹਨਾਂ ਨੇ ਪ੍ਰਮਾਤਮਾ ਨੂੰ ਵੀ ਝੂਠ ਬੋਲ ਦਿੱਤਾ। ਉਹਨਾਂ ਨੇ ਚੀਜ਼ ਵੇਚਕੇ ਉਸਦੀ ਸੱਚਾਈ ਲੁਕੋਈ ਤੇ ਉਹਨਾਂ ਨੇ ਉਸ ਝੂਠ 'ਤੇ ਵਿਸ਼ਵਾਸ ਕੀਤਾ ਜਿਸ ਨਾਲ ਸ਼ੈਤਾਨ ਨੇ ਉਹਨਾਂ ਦੇ ਕੰਨ ਭਰੇ ਸਨ। ਕਿਹੜੇ ਝੂਠਾਂ 'ਤੇ ਤੁਸੀਂ ਵਿਸ਼ਵਾਸ ਕਰ ਰਹੇ ਹੋ ਜੋ ਤੁਹਾਡੇ ਕਵਚ ਨੂੰ ਗਿਰਾ ਸਕਦੇ ਹਨ? ਇਹ ਬਹੁਤ ਹੀ ਜਰੂਰੀ ਹੈ ਕਿ ਅਸੀਂ ਹਮੇਸ਼ਾ ਸੱਚ ਬੋਲਕੇ ਹੀ ਸੱਚਾਈ ਭਰੀ ਬੈਲਟ ਪਹਿਨੀਏ ਅਤੇ ਹਮੇਸ਼ਾ ਪ੍ਰਮਾਤਮਾ ਅਤੇ ਉਸਦੇ ਬਚਨਾਂ 'ਤੇ ਵਿਸ਼ਵਾਸ ਕਰੀਏ।

## ਬੂਟ ਕੈਂਪ - ਪਾਠ 4

### ਅਸਾਈਨਮੈਂਟ - ਪਾਠ 4



ਅਜਿਹੇ ਝੂਠ ਬਾਰੇ ਸੋਚੋ ਜੋ ਤੁਸੀਂ ਕਦੇ ਬੋਲਿਆ ਹੋਵੇ ਅਤੇ ਇਸਨੂੰ ਲਿਖੋ। ਕੋਈ ਗੱਲ ਨੀ ਜੇ ਤੁਸੀਂ ਇਹ ਝੂਠ ਹਾਲ ਹੀ 'ਚ ਨਾ ਮਾਰਿਆ ਹੋਵੇ, ਪਰ ਜਦੋਂ ਤੁਸੀਂ ਛੋਟੇ ਹੁੰਦੇ ਸੀ ਉਦੋਂ ਮਾਰਿਆ ਹੋਵੇਗਾ। ਹੁਣ ਉਹ ਸਾਰੇ ਝੂਠਾਂ ਦੀ ਸੂਚੀ ਬਣਾਓ ਜੋ ਤੁਸੀਂ ਪਹਿਲੇ ਝੂਠ ਨੂੰ ਛੁਪਾਉਣ ਲਈ ਬੋਲੇ ਹੋਣ। ਇਹ ਲਿਖੋ ਕਿ ਉਸ ਝੂਠ ਦੇ ਕਰਕੇ ਕਿਸਨੂੰ ਠੇਸ ਪਹੁੰਚੀ?

### ਹੋਮਵਰਕ (ਵੱਡੇ ਵਿਦਅ ਾਰਥੀ) - ਪਾਠ 4

11 ਤੋਂ 13 ਐਕਟ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 4

"ਮੈਂ ਇਮਾਨਦਾਰੀ ਨਾਲ ਜ਼ਿੰਦਗੀ ਜਿਉਣਾ ਪਸੰਦ ਕਰਾਂਗਾ।"

## ਪ੍ਰਸ਼ਨ ਅਤੇ ਉੱਤਰ - ਪਾਠ 4

1. ਜੇਕਰ ਤੁਸੀਂ ਇਮਾਨਦਾਰੀ ਨਹੀਂ ਦਿਖਾਉਂਦੇ, ਤਾਂ ਤੁਹਾਡੀ ਸੱਚਾਈ ਭਰੀ ਬੈਲਟ ਨੂੰ ਕੀ ਹੋ ਜਾਂਦਾ ਹੈ? ਕੀ ਇਸਦਾ ਅਸਰ ਤੁਹਾਡੇ ਕਵਚ ਦੇ ਬਾਕੀ ਹਿੱਸਿਆਂ 'ਤੇ ਵੀ ਪਵੇਗਾ?

ਜਦੋਂ ਅਸੀਂ ਝੂਠ ਬੋਲਦੇ ਹਾਂ ਜਾਂ ਬੇਈਮਾਨ ਹੁੰਦੇ ਹਾਂ ਤਾਂ ਸਾਡੇ ਸੱਚਾਈ ਭਰੀ ਬੈਲਟ ਨਹੀਂ ਪਹਿਨੀ ਹੁੰਦੀ, ਅਤੇ ਇਸ ਤਰ੍ਹਾਂ ਜਿਉਣ ਨਾਲ ਸਾਰੀ ਜ਼ਿੰਦਗੀ ਖ਼ਰਾਬ ਹੋ ਜਾਵੇਗੀ। ਬੈਲਟ ਤੁਹਾਡੀ ਪੈਂਟ ਅਤੇ ਤੁਹਾਡੇ ਕਵਚ ਦੇ ਬਾਕੀ ਹਿੱਸਿਆਂ ਨੂੰ ਫੜ੍ਹੇ ਰੱਖਦੀ ਹੈ। ਬਿਨਾਂ ਇਮਾਨਦਾਰੀ ਤੋਂ, ਲੋਕ ਸਾਡੇ ਤੇ ਕਦੇ ਵੀ ਵਿਸ਼ਵਾਸ ਨਹੀਂ ਕਰਨਗੇ।

2. ਉਹ ਕਿਹੜੀ ਅਜਿਹੀ ਖਾਸ ਸਥਿਤੀ ਹੈ ਜਦੋਂ ਤੁਸੀਂ 'ਝੂਠ' ਤਾਂ ਨਹੀਂ ਬੋਲ ਰਹੇ ਪਰ 'ਇਮਾਨਦਾਰੀ' ਵੀ ਨਹੀਂ ਦਿਖਾ ਰਹੇ?

ਵਿਦਿਆਰਥੀਂ ਨੂੰ ਅਜਿਹੀ ਸਥਿਤੀ ਬਾਰੇ ਸੋਚਣ ਦਿਓ। ਉਦਾਹਰਣ: ਤੁਸੀਂ ਸਕੂਲ ਜਾਂਦੇ ਹੋ ਪਰ ਪੜ੍ਹਦੇ ਨਹੀਂ ਜਾਂ ਦਿੱਤਾ ਕੰਮ ਕਰਦੇ ਨਹੀਂ। ਤੁਸੀਂ ਆਪਣੇ ਮਾਪਿਆਂ ਨੂੰ ਦੱਸਦੇ ਹੋ ਕਿ ਤੁਸੀਂ ਆਪਣੇ ਦੋਸਤਾਂ ਨਾਲ ਸੀ ਪਰ ਤੁਸੀਂ ਉਹਨਾਂ ਨੂੰ ਇਹ ਨਹੀਂ ਦੱਸਦੇ ਕਿ ਤੁਸੀਂ ਕੀ ਕਰ ਰਹੇ ਸੀ। ਜਾਂ, ਤੁਸੀਂ ਵਧੀਆ ਨੰਬਰਾਂ ਨਾਲ ਪੇਪਰ 'ਚ ਪਾਸ ਹੋ ਜਾਂਦੇ ਹੋ ਪਰ ਤੁਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਆਪਣੇ ਦੋਸਤ ਤੋਂ ਨਕਲ ਮਾਰੀ ਸੀ।

3. ਝੂਠ ਬੋਲਣ ਦੇ ਕੀ ਨਤੀਜੇ ਹਨ?

ਵਿਸ਼ਵਾਸ ਖ਼ਤਮ ਹੋ ਜਾਂਦਾ ਹੈ। ਉਦਾਹਰਣ: ਤੁਸੀਂ ਆਪਣੀ ਮਾਂ ਨੂੰ ਝੂਠ ਬੋਲਦੇ ਹੋ, ਜਦੋਂ ਉਹ ਤੁਹਾਡੇ ਝੂਠ ਨੂੰ ਫੜ੍ਹ ਲੈਂਦੀ ਹੈ ਤਾਂ ਉਹ ਤੁਹਾਡੇ 'ਤੇ ਲੰਮੇ ਸਮੇਂ ਤੱਕ ਵਿਸ਼ਵਾਸ ਨਹੀਂ ਕਰੇਗੀ ਚਾਹੇ ਤੁਸੀਂ ਕੁਝ ਵੀ ਕਹੋ, ਭਾਵੇਂ ਸੱਚ ਹੀ ਕਿਉਂ ਨਾ ਬੋਲੋਂ। ਦੂਜਾ ਨਤੀਜਾ ਇਹ ਨਿੱਕਲਦਾ ਹੈ ਕਿ ਤੁਹਾਨੂੰ ਝੂਠ ਨੂੰ ਯਾਦ ਰੱਖਣ ਲਈ ਬਹੁਤ ਸਖਤ ਮੇਹਨਤ ਕਰਨੀ ਪੈਂਦੀ ਹੈ ਅਤੇ ਹਰ ਸਮੇਂ ਇੱਕ ਹੀ "ਕਹਾਣੀ" ਯਾਦ ਰੱਖਣੀ ਪੈਂਦੀ ਹੈ। ਇਹ ਸੌਖਾ ਨਹੀਂ ਹੈ। ਜੇਕਰ ਤੁਸੀਂ ਇੱਕ ਵਾਰ ਵੀ ਫੜ੍ਹੇ ਗਏ, ਤਾਂ ਤੁਸੀਂ ਝੂਠੇ ਵੱਜੋਂਗੇ।

4. ਆਪਣੀ ਜ਼ਾਇਦਾਦ ਵੇਚਣ ਬਾਰੇ ਐਨਾਨਾਇਸ ਅਤੇ ਸਫਾਇਰਾ ਦੋਨਾਂ ਨੇ ਇੱਕੋ ਹੀ ਕਹਾਣੀ ਕਿਵੇਂ ਦੱਸੀ ਜਦੋਂ ਕਿ ਉਹਨਾਂ ਨੇ ਪੀਟਰ ਨਾਲ 3 ਘੰਟੇ ਦੇ ਫਾਸਲੇ ਨਾਲ ਗੱਲ ਕੀਤੀ ਸੀ?

ਇਹ ਝੂਠੀ ਕਹਾਣੀ ਪਹਿਲਾਂ ਤੋਂ ਹੀ ਪਲੈਨ ਕੀਤੀ ਗਈ ਸੀ: ਸੋਚਿਆ ਸਮਝਿਆ ਝੂਠ। ਐਕਟ 5:2, 9

5. ਐਨਾਨਾਇਸ ਅਤੇ ਸਫਾਇਰਾ ਨੇ ਕਿਸਨੂੰ ਝੂਠ ਬੋਲਿਆ? ਅੱਜ ਜਦੋਂ ਲੋਕ ਝੂਠ ਬੋਲਦੇ ਹਨ, ਤਾਂ ਉਹ ਕਿਸਨੂੰ ਝੂਠ ਬੋਲ ਰਹੇ ਹੁੰਦੇ ਹਨ?

ਉਹਨਾਂ ਨੇ ਸੋਚਿਆ ਇਹ ਪੀਟਰ ਸੀ, ਪਰ ਉਸਨੇ ਕਿਹਾ ਇਹ ਪ੍ਰਮਾਤਮਾ ਸੀ।

ਐਕਟ 5:4

## ਗੇਮ: ਲੜਾਈ - ਪਾਠ 4

**ਸਮੱਗਰੀ**

ਸੀਟੀ

**ਗੇਮ ਖੇਡਣਾ**



ਵਿਦਿਆਰਥੀ ਸਾਹਮਣੇ ਵੱਲ ਨੂੰ ਮੁੜਕੇ ਲਾਈਨ 'ਚ ਖੜ੍ਹੇ ਹੁੰਦੇ ਹਨ। (ਅਧਿਆਪਕ ਅਤੇ ਵਿਦਿਆਥੀਆਂ ਦੇ ਵਿਚਕਾਰ ਘੱਟੋ-ਘੱਟ 12 ਮੀਟਰ ਦੀ ਦੂਰੀ ਹੋਵੇ) ਅਧਿਆਪਕ ਦੂਜੇ ਪਾਸੇ ਵੱਲ ਨੂੰ ਮੁੜਦਾ ਹੈ ਅਤੇ ਚੀਕਕੇ ਕਹਿੰਦਾ ਹੈ, "ਭੱਜੋ" ("run") ਬੱਚੇ ਅਧਿਆਪਕ ਵੱਲ ਨੂੰ ਭੱਜਦੇ ਹਨ। ਅਧਿਆਪਕ ਚੀਕਕੇ ਕਹਿੰਦਾ ਹੈ, "ਜੰਮ ਜਾਓ" ("Frozen") ਅਤੇ ਬੱਚਿਆਂ ਨੂੰ ਜੰਮੇ ਹੋਏ ਰੂਪ 'ਚ ਰੁਕਣਾ ਪੈਂਦਾ ਹੈ। "ਮੁੜੋ" ("turn around") ਚੀਕਣ 'ਤੇ ਬੱਚਿਆਂ ਨੂੰ ਮੁੜਨਾ ਪੈਂਦਾ ਹੈ ... ਫਿਰ "ਭੱਜੋ" ("run") ਚੀਕਣ 'ਤੇ ਦੂਜੀ ਦਿਸ਼ਾ 'ਚ ਭੱਜਣਾ ਹੁੰਦਾ ਹੈ। ਵੱਖ-ਵੱਖ ਚੀਜ਼ਾਂ ਚੀਕਦੇ ਰਹੋ (ਹੌਲੀ ਭੱਜੋ, ਕੁੱਦੋ, ਆਦਿ) (run slowly, jump, etc.) ਜਦੋਂ ਪਹਿਲਾ ਵਿਦਿਆਰਥੀ ਅਧਿਆਪਕ ਤੱਕ ਪਹੁੰਚਦਾ ਹੈ, ਤਾਂ ਉਹ ਐਲਾਨਕਰਤਾ ਬਣ ਜਾਂਦਾ ਹੈ, ਅਤੇ ਗੇਮ ਸ਼ੁਰੂ ਹੋ ਸਕਦੀ ਹੈ।

ਔਪਸ਼ਨ

1. ਕੋਈ ਵੀ ਨਿਰਦੇਸ਼ ਬੋਲਣ ਤੋਂ ਪਹਿਲਾਂ ਸੀਟੀ ਵਜਾਓ, ਤਾਂ ਜੋ ਬੱਚਿਆਂ ਨੂੰ ਪਤਾ ਲੱਗ ਜਾਵੇ ਕਿ ਤੁਸੀਂ ਕੁਝ ਬੋਲਣ ਵਾਲੇ ਹੋ (ਤਾਂ ਜੋ ਤੁਹਾਨੂੰ ਜਿਆਦਾ ਉੱਚੀ ਨਾ ਚੀਕਣਾ ਪਵੇ)।

2. ਜੇਕਰ ਤੁਹਾਡੇ ਕੋਲ ਜਿਆਦਾ ਜਗ੍ਹਾ ਨਹੀਂ ਹੈ, ਤਾਂ ਬੱਚੇ ਭੱਜਣ ਦੀ ਥਾਂ 'ਤੇ ਤੁਰ ਸਕਦੇ ਹਨ।

## ਬੁਝਾਰਤ ਦੇ ਉੱਤਰ - ਪਾਠ 4

ਆਪਣੀ ਜ਼ਿੰਦਗੀ 'ਚ ਪ੍ਰਮਾਤਮਾ ਦੇ 5 ਸੱਚ ਲਿਖੋ।

ਆਈਡੀਏ:

ਪ੍ਰਮਾਤਮਾ ਮੇਰਾ ਖਿਆਲ ਰੱਖਦਾ ਹੈ।

ਪ੍ਰਮਾਤਮਾ ਮੈਨੂੰ ਤਾਕਤ ਦਿੰਦਾ ਹੈ।

ਪ੍ਰਮਾਤਮਾ ਮੇਰੀ ਮਦਦ ਕਰਦਾ ਹੈ।

ਪ੍ਰਮਾਤਮਾ ਆਪਣੇ ਵਾਅਦੇ ਪੂਰੇ ਕਰਦਾ ਹੈ।

ਮੇਰੀ ਜ਼ਿੰਦਗੀ ਦੇ ਹਰ ਪਲ 'ਚ ਪ੍ਰਮਾਤਮਾ ਮੇਰੇ ਨਾਲ ਹੈ।

| | | | | | | | | | | |
|---|---|---|---|---|---|---|---|---|---|---|
| ਪ੍ਰ | ਈ | ਸਾ | ਈ | ਧ | ਰ | ਮ | ਦੇ | ਦੂ | ਤ | ਇ |
| ਈ | ਮਾ | ਇ | ਛੂ | ਇ | ਸ | ਇ | ਛੂ | ਦੇ | ਮਾ | ਛੂ |
| ਇ | ਦੇ | ਤ | ਦੂ | ਦੇ | ਫਾ | ਦੂ | ਪ | ਤ | ਨੀ | ਈ |
| ਛੂ | ਈ | ਇ | ਮਾ | ਇ | ਇ | ਐ | ਆ | ਦੇ | ਇ | ਐ |
| ਐ | ਇ | ਐ | ਛੂ | ਦਾ | ਰਾ | ਫਾ | ਦੇ | ਦ | ਛੂ | ਐ |
| ਫਾ | ਨਾ | ਮਾ | ਛੂ | ਮਾ | ਦਿ | ਆ | ਐ | ਦਾ | ਮੀ | ਏ |
| ਛੂ | ਫਾ | ਨਾ | ਠ | ਐ | ਫਾ | ਲ | ਦੂ | ਇ | ਹੋ | ਮਾ |
| ਐ | ਦੂ | ਇ | ਇ | ਮਾ | ਜਾ | ਇ | ਫਾ | ਏ | ਆ | ਈ |
| ਤਾ | ਕ | ਤ | ਦਾ | ਸ | ਇ | ਫਾ | ਨਾ | ਮਾ | ਪੈ | ਆ |
| ਇ | ਦੂ | ਦਾ | ਦੂ | ਇ | ਦਾ | ਫ਼ | ਆ | ਇ | ਇ | ਸੇ |
| ਈ | ਛੂ | ਇ | ਦਾ | ਈ | ਦ | ਛੂ | ਛੂ | ਪੀ | ਟ | ਰ |

ਆਪਣੀ ਜ਼ਿੰਦਗੀ ਦੀਆਂ ਅਜਿਹੀਆਂ 5 ਉਦਾਹਰਣਾਂ ਲਿਖੋ ਜਿੱਥੇ ਤੁਸੀਂ ਸੱਚਾਈ ਭਰੀ ਬੈਲਟ ਪਹਿਨ ਸਕਦੇ ਹੋ।

ਆਈਡੀਏ:

ਜਦੋਂ ਮੇਰਾ ਦੋਸਤ ਗ਼ਲਤ ਕੰਮ ਕਰ ਰਿਹਾ ਹੋਵੇ ਅਤੇ ਮੈਂ ਉਸ ਬਾਰੇ ਜਾਣਦਾ ਹੋਵਾਂ।


ਮੇਰੇ ਅਧਿਆਪਕਾਂ ਨੂੰ ਸੱਚਾਈ ਦੱਸੋ।

ਜਦੋਂ ਉਹ ਮੈਨੂੰ ਪੁੱਛਦੇ ਹਨ ਕਿ ਕੀ ਮੈਂ ਪੇਪਰ 'ਚ ਨਕਲ ਮਾਰੀ।

ਵਧਾ-ਚੜ੍ਹਾ ਕੇ ਕਹਾਣੀਆਂ ਨਾ ਸੁਣਾਓ।

ਜਦੋਂ ਮੈਂ ਗ਼ਲਤੀ ਕਰਦਾ ਹਾਂ, ਆਪਣੇ ਦੋਸ਼ ਨੂੰ ਸਵੀਕਾਰ ਕਰਦਾ ਹਾਂ।





# ਪਾਠ 5

## ਸਿਰਲੇਖ - ਪਾਠ 5

**ਇਮਾਨਦਾਰੀ ਭਰਿਆ ਛਾਤੀ ਕਵਚ**

## ਬਾਈਬਲ ਦੀ ਕਹਾਣੀ - ਪਾਠ 5

**ਕੋਰਨੀਲੀਅਸ**

**ਐਕਟ** 10:9-23

## ਬੈਜ (ਇਨਸਿਗਨਿਅਸ) - ਪਾਠ 5

**ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):**

**ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ:**




**ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ।**

**ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ।**




## ਨਾਟਕ - ਪਾਠ 5

**ਗਿਗਲ ਤੇ ਡੂਟੀ ਦੋਨਾਂ ਸਿਪਾਹੀਆਂ ਨੂੰ ਵਾਸਕਟਾਂ ਮਿਲੀਆਂ ਜਿਨ੍ਹਾਂ 'ਤੇ ਰੋੜੇ-ਰੋੜੀਆਂ ਦਾ ਅਸਰ ਨਹੀਂ ਹੁੰਦਾ। ਗਿਗਲ ਸਿਪਾਹੀ ਤੇ ਡੂਟੀ ਸਿਪਾਹੀ ਦੋਨੋਂ ਹੀ ਇੱਕ ਗੇਮ ਸ਼ੁਰੂ ਕਰਦੇ ਹਨ ਜਿਸ ਵਿੱਚ ਉਹ ਇੱਕ ਦੂਜੇ ਦੀ ਵਾਸਕਟ 'ਤੇ ਮਾਰਦੇ ਹਨ। ਤੇ ਹਾਂ, ਵਾਸਕਟ ਪਹਿਨਣ ਨਾਲ ਕੋਈ ਸੱਟ ਨਹੀਂ ਲੱਗਦੀ। ਟਰੇਨਿੰਗ ਦੌਰਾਨ, ਸਰਜੈਂਟ ਅੱਪਰਾਈਟ ਅਫਸਰ ਉਹਨਾਂ ਨੂੰ ਪੋਲੀਆਂ ਜਿਹੀਆਂ "ਰੋੜੀਆਂ" ਦਿੰਦਾ ਹੈ ਅਤੇ ਉਹਨਾਂ ਨੂੰ ਟੀਮਾਂ 'ਚ ਵੰਡ ਦਿੰਦਾ ਹੈ। ਗਿਗਲ ਆਪਣੀ ਵਾਸਕਟ ਭੁੱਲ ਗਈ ਹੈ। ਜਦੋਂ ਟਰੇਨਿੰਗ ਸ਼ੁਰੂ ਹੁੰਦੀ ਹੈ, ਤਾਂ ਉਸਨੂੰ ਲਗਾਤਾਰ ਪੋਲੀਆਂ ਜਿਹੀਆਂ ਰੋੜੀਆਂ ਦੀ ਸੱਟ ਲੱਗਦੀ ਰਹਿੰਦੀ ਹੈ।**

## ਯਾਦਦਾਸ਼ਤ ਤੁਕ - ਪਾਠ 5

**"ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ"**

**ਅਫ਼ਸੀਆਂ ਨੂੰ** 6:14

## ਮੁੱਖ ਪਾਠ - ਪਾਠ 5


**ਐਕਟ 10:9-23**

ਅਫ਼ੀਜ਼ਨ ਅਧਿਆਇ 6 ਵਿੱਚ ਪ੍ਰਮਾਤਮਾ ਦੇ ਕਵਚ ਦਾ ਅਗਲਾ ਹਿੱਸਾ ਹੈ ਇਮਾਨਦਾਰੀ ਭਰਿਆ ਛਾਤੀ ਕਵਚ। ਇਮਾਨਦਾਰੀ ਦਾ ਮਤਲਬ ਹੈ ਆਪਣਾ ਧਾਰਮਿਕ ਰੂਪ ਦਿਖਾਉਣਾ, ਜਾਂ ਉਹ ਕਰਨਾ ਜੋ ਵਧੀਆ ਹੈ, ਸਹੀ ਹੈ ਅਤੇ ਵਫ਼ਾਦਾਰੀ ਨਿਭਾਉਣਾ। ਪ੍ਰਮਾਤਮਾ ਅੱਗੇ ਲਗਾਤਾਰ ਸਹੀ ਕੰਮ ਕਰਨ ਨਾਲ ਹੀ ਸਾਡੀ ਛਾਤੀ ਦਾ ਕਵਚ ਆਪਣੀ ਜਗ੍ਹਾ 'ਤੇ ਟਿਕਿਆ ਰਹਿੰਦਾ ਹੈ। ਸ਼ਾਸਤਰਾਂ 'ਚ ਪ੍ਰਮਾਤਮਾ ਸਾਨੂੰ ਸਮਝਦਾਰ ਬਣਨ ਲਈ ਅਤੇ ਸਹੀ ਕੰਮ ਕਰਨ ਲਈ ਕਹਿੰਦਾ ਹੈ। ਜਦੋਂ ਅਸੀਂ ਸਹੀ ਕੰਮ ਕਰਦੇ ਹਾਂ, ਤਾਂ ਸਾਨੂੰ ਕੋਈ ਫਿਕਰ ਨਹੀਂ ਰਹਿੰਦੀ ਕਿਉਂਕਿ ਸਾਡੇ ਕੋਲ ਸਾਡਾ ਛਾਤੀ ਕਵਚ ਹੁੰਦਾ ਹੈ, ਅਤੇ ਯੁੱਧ ਵੇਲੇ ਸਾਡੇ ਦਿਲ ਪੂਰੀ ਚੰਗੀ ਤਰ੍ਹਾਂ ਸੁਰੱਖਿਅਤ ਹੁੰਦੇ ਹਨ। ਛਾਤੀ ਕਵਚ ਬਾਰੇ ਕੁਝ ਖਾਸ ਗੱਲ ਇਹ ਹੁੰਦੀ ਹੈ ਕਿ ਇਹ ਸਾਡੇ ਦਿਲ ਨੂੰ ਬਚਾਉਂਦਾ ਹੈ ਜੋ ਕਿ ਇੱਕ ਬਹੁਤ ਹੀ ਜਰੂਰੀ ਅੰਗ ਹੈ, ਪਰ ਸਿਰਫ ਮੂਹਰੋਂ ਹੀ ਬਚਾਉਂਦਾ ਹੈ। ਜਦੋਂ ਅਸੀਂ ਇਸਨੂੰ ਪਹਿਨ ਲੈਂਦੇ ਹਾਂ, ਤਾਂ ਅਸੀਂ ਥੋੜ੍ਹੇ-ਬਹੁਤੇ ਜਖਮੀ ਤਾਂ ਹੋ ਸਕਦੇ ਹਾਂ ਪਰ ਫਿਰ ਤੋਂ ਉੱਠ ਸਕਦੇ ਹਾਂ ਅਤੇ ਜੰਗ ਜਾਰੀ ਰੱਖ ਸਕਦੇ ਹਾਂ। ਪਰ, ਸਾਨੂੰ ਜੰਗ ਦਾ ਸਾਹਮਣਾ ਕਰਨਾ ਚਾਹੀਦਾ ਹੈ ਕਿਉਂਕਿ ਛਾਤੀ ਕਵਚ ਤਾਂ ਸਿਰਫ ਮੂਹਰੋਂ ਹੀ ਢਕਦਾ ਹੈ। ਜੇ ਅਸੀਂ ਮੁੜ ਗਏ ਜਾਂ ਜੰਗ ਤੋਂ ਮੂੰਹ ਮੋੜ ਕੇ ਭੱਜਣ ਲੱਗੇ, ਤਾਂ ਇਹ ਸਾਨੂੰ ਨਹੀਂ ਬਚਾਵੇਗਾ।

ਧਾਰਮਿਕ ਰੂਪ ਅਤੇ ਇਮਾਨਦਾਰੀ ਕੀ ਹਨ? ਸਾਨੂੰ ਕਿਵੇਂ ਪਤਾ ਲੱਗੇਗਾ ਜੇ ਸਾਡੇ 'ਚ ਇਹ ਹਨ? ਬਾਈਬਲ ਦੇ ਮੁਤਾਬਿਕ ਕੌਰਨੀਲੀਅਸ ਇੱਕ ਸੱਚਾ ਧਾਰਮਿਕ ਇਨਸਾਨ ਸੀ ਅਤੇ ਪ੍ਰਮਾਤਮਾ ਤੋਂ ਡਰਨ ਵਾਲਾ ਸੀ ਜਿਸਨੇ ਲਗਾਤਾਰ ਉਦਾਰਤਾ ਨਾਲ ਪ੍ਰਾਰਥਨਾ ਕੀਤੀ। ਬਾਈਬਲ ਇਹ ਵੀ ਕਹਿੰਦੀ ਹੈ ਕਿ ਸਾਰੇ ਯਹੂਦੀ ਲੋਕਾਂ ਨੇ ਉਸਦਾ ਆਦਰ ਕੀਤਾ। ਹੋਰਾਂ ਨੂੰ ਪਤਾ ਲੱਗੇਗਾ ਕਿ ਤੁਸੀਂ ਇਮਾਨਦਾਰ ਹੋ, ਕਿਉਂਕਿ ਸਮੇਂ ਦੇ ਨਾਲ ਤਾਂ ਪਤਾ ਲੱਗ ਹੀ ਜਾਂਦਾ ਹੈ। ਕੌਰਨੀਲੀਅਸ ਨੇ ਇਮਾਨਦਾਰੀ ਭਰਿਆ ਛਾਤੀ ਕਵਚ ਪਹਿਨਿਆ ਹੋਇਆ ਸੀ। ਉਸ ਸਮੇਂ 'ਤੇ, ਕਾਨੂੰਨ ਅਜਿਹਾ ਸੀ ਕਿ ਯਹੂਦੀ ਲੋਕ ਨਾਸਤਿਕ ਈਸਾਈ ਲੋਕਾਂ ਨਾਲ ਨਾ ਤਾਂ ਗੱਲ ਕਰ ਸਕਦੇ ਸਨ ਤੇ ਨਾ ਹੀ ਉਹਨਾਂ ਦੇ ਘਰ ਜਾ ਸਕਦੇ ਸਨ ਜਾਂ ਉਹਨਾਂ ਨੂੰ ਮਿਲ ਸਕਦੇ ਸਨ। (ਐਕਟ 10:28) ਪ੍ਰਮਾਤਮਾ ਨੇ ਪੀਟਰ ਨੂੰ ਸੋਚ ਦਿੱਤੀ ਕਿ ਉਹ ਜਾਵੇ ਤੇ ਕੌਰਨੀਲੀਅਸ ਨਾਲ ਖੁਸ਼ਖਬਰੀ ਸਾਂਝੀ ਕਰੇ। ਕਿਉਂਕਿ ਕੌਰਨੀਲੀਅਸ ਇੱਕ ਧਾਰਮਿਕ ਇਨਸਾਨ ਸੀ, ਇਸ ਕਰਕੇ ਉਸਨੂੰ ਬਚਾਉਣ ਲਈ ਅਤੇ ਉਸਦੇ ਸਾਰੇ ਪਰਿਵਾਰ ਨੂੰ ਬਚਾਉਣ ਲਈ ਪ੍ਰਮਾਤਮਾ ਨੇ ਕਿਸੇ ਨੂੰ ਭੇਜਿਆ (ਉਹ ਵੀ ਕਾਨੂੰਨ ਦੇ ਖਿਲਾਫ ਹੋਕੇ)!

## ਬੂਟ ਕੈਂਪ - ਪਾਠ 5

**ਅਸਾਈਨਮੈਂਟ - ਪਾਠ 5**



ਉਹ ਕੌਣ ਹੈ ਜਿਸਨੂੰ ਤੁਸੀਂ ਇਸ ਕਰਕੇ ਜਾਣਦੇ ਹੋ ਅਤੇ ਇਸ ਕਰਕੇ ਆਦਰ ਕਰਦੇ ਹੋ ਕਿਉਂਕਿ ਤੁਹਾਨੂੰ ਉਹਨਾਂ ਦਾ ਰਹਿਣ ਦਾ ਤਰੀਕਾ ਤੇ ਦੂਜਿਆਂ ਨਾਲ ਗੱਲ ਕਰਨ ਦਾ ਤਰੀਕਾ ਵਧੀਆ ਲਗਦਾ ਹੈ? (ਜਿਵੇਂ ਕਿ ਅੱਜ ਦੀ ਬਾਈਬਲ ਦੀ ਕਹਾਣੀ 'ਚ ਕੌਰਨੀਲੀਅਸ ਹੈ।) ਉਹਨਾਂ ਦੀ ਚੰਗੀ ਜ਼ਿੰਦਗੀ ਦੀ ਗਵਾਹੀ ਦੱਸਦੇ ਹੋਏ ਇੱਕ ਵਾਕ ਲਿਖੋ, ਅਤੇ ਫਿਰ ਜਾਓ ਤੇ ਉਹਨਾਂ ਨੂੰ ਇਸ ਬਾਰੇ ਦੱਸੋ।

**ਹੋਮਵਰਕ (ਵੱਡੇ ਵਿਦਅਾਰਥੀ) - ਪਾਠ 5**

14 ਤੋਂ 16 ਐਕਟ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 5

"ਮੈਂ ਹਮੇਸ਼ਾ ਸਹੀ ਕੰਮ ਕਰਾਂਗਾ।"

## ਪ੍ਰਸ਼ਨ ਅਤੇ ਉੱਤਰ - ਪਾਠ 5

1. ਆਪਣੀ ਜ਼ਿੰਦਗੀ ਦੇ ਕਿਹੜੇ ਹਾਲਾਤਾਂ 'ਚ ਤੁਸੀਂ ਇਹ ਦਿਖਾਇਆ ਹੈ ਕਿ ਤੁਸੀਂ ਇਮਾਨਦਾਰੀ ਭਰਿਆ ਛਾਤੀ ਕਵਚ ਪਹਿਨਿਆ ਹੋਇਆ ਹੈ ਅਤੇ ਕਿਹੜੇ ਹਾਲਾਤਾਂ 'ਚ ਨਹੀਂ?

ਹਾਂ: ਤੁਸੀਂ ਇੱਕ ਬੁੱਢੇ ਬੰਦੇ ਨੂੰ ਸੜਕ ਪਾਰ ਕਰਨ 'ਚ ਮਦਦ ਕਰਦੇ ਹੋ। ਰੋਜ਼ਾਨਾ ਘਰ ਸਾਫ ਕਰਨ 'ਚ ਆਪਣੀ ਮਾਂ ਦੀ ਮਦਦ ਕਰਦੇ ਹੋ। ਆਪਣੇ ਛੋਟੇ ਭਰਾ ਨਾਲ ਆਪਣੀਆਂ ਗੱਲਾਂ ਸਾਂਝੀਆਂ ਕਰਦੇ ਹੋ। ਨਹੀਂ: ਸਕੂਲ 'ਚ ਛੋਟੇ ਬੱਚਿਆਂ ਨੂੰ ਤੰਗ ਕਰਦੇ ਹੋ। ਆਪਣੇ ਭਰਾ ਦਾ ਮਜ਼ਾਕ ਬਣਾਉਂਦੇ ਹੋ। ਤੁਸੀਂ ਆਪਣੇ ਸਾਥੀ ਨੂੰ ਟੈਸਟ ਖਰਾਬ ਕਰਨ ਲਈ ਮਜ਼ਬੂਰ ਕਰਦੇ ਹੋ।

2. ਇਹ ਦੱਸੋ ਕਿ ਇਮਾਨਦਾਰੀ ਝੂਠੀ ਕਿਵੇਂ ਪੈ ਸਕਦੀ ਹੈ।

ਅਸਲੀ ਨਾਮ ਵਰਤੇ ਬਿਨਾਂ, ਉਸ ਪਰਿਵਾਰ ਦਾ ਜ਼ਿਕਰ ਕਰੋ ਜੋ ਚਰਚ 'ਚ ਵਧੀਆ ਦਿਖਦਾ ਹੈ। ਘਰੇ, ਉਹ ਇੱਕ ਦੂਜੇ ਤੇ ਚੀਕਦੇ ਹਨ, ਬਹੁਤ ਲੜਦੇ ਹਨ। ਉਹ ਉਸ ਟਾਈਮ ਦੀ ਗੱਲ ਕਰਦੇ ਹੋਏ ਸ਼ੇਖੀ ਮਾਰਦੇ ਹਨ ਜਦੋਂ ਉਹ ਕਿਸੇ ਦੇ ਪੈਸੇ ਧੋਖੇ ਨਾਲ ਖੋਹ ਸਕਦੇ ਸਨ। ਉਹ ਬਹੁਤ ਹੀ ਨੀਚ ਮਜ਼ਾਕ ਕਰਦੇ ਹਨ ਜਾਂ ਪ੍ਰਮਾਤਮਾ ਦੇ ਨਾਂ ਨੂੰ ਵਿਅਰਥ ਦੱਸਦੇ ਹਨ।

3. ਕਿਹੜੇ ਹਾਲਾਤਾਂ 'ਚ ਤੁਸੀਂ ਸੋਚੋਂਗੇ ਕਿ ਸ਼ਰਮਿੰਦਾ ਹੋਣ ਤੋਂ ਬੇਹਤਰ ਤਾਂ ਕੁਝ ਵੀ ਨਾ ਕਰਨਾ ਹੀ ਚੰਗਾ ਹੈ?

ਤੁਸੀਂ ਅਜਿਹੇ ਬੰਦੇ ਨੂੰ ਹੌਂਸਲਾ ਨਹੀਂ ਦਿਓਗੇ ਜੋ ਜਿਆਦਾ ਮਸ਼ਹੂਰ ਨਹੀਂ ਹੈ ਭਾਵੇਂ ਉਸਨੂੰ ਇਸ ਹੌਂਸਲੇ ਦੇ ਲੋੜ ਹੀ ਕਿਉਂ ਨਾ ਹੋਵੇ। ਤੁਸੀਂ ਕਿਸੇ ਲਈ ਪ੍ਰਾਰਥਨਾ ਨਹੀਂ ਕਰੋਂਗੇ ਕਿਉਂਕਿ ਹੋਰ ਵਿਦਿਆਰਥੀ ਤੁਹਾਡੇ ਆਸੇ-ਪਾਸੇ ਹਨ।


4. ਪੀਟਰ ਕਿਸਦੇ ਘਰੇ ਗਿਆ? ਇਹ ਅਜੀਬ ਕਿਉਂ ਸੀ?

ਪ੍ਰਮਾਤਮਾ ਨੇ ਉਸਨੂੰ ਕੌਰਨੀਲੀਅਸ ਨੂੰ ਦੇਖਣ ਲਈ ਭੇਜਿਆ। ਉਹ ਯਹੂਦੀ ਨਹੀਂ ਸੀ, ਅਤੇ ਯਹੂਦੀ ਆਮਤੌਰ 'ਤੇ ਦੂਜਿਆਂ ਨਾਲ ਮਿਲਦੇ-ਜੁਲਦੇ ਨਹੀਂ।

5. ਏਰੀਏ ਵਿੱਚ ਕੌਰਨੀਲੀਅਸ ਬਾਕੀ ਬੰਦਿਆਂ ਤੋਂ ਕਿਵੇਂ ਵੱਖਰਾ ਸੀ?

ਕੌਰਨੀਲੀਅਸ ਕਾਫੀ ਦਿਆਲੂ ਸੀ ਜਦੋਂ ਕਿ ਉਹ ਇੱਕ ਕਮਾਂਡਿੰਗ ਅਫਸਰ ਵੀ ਸੀ। ਉਸਨੇ ਆਪਣੇ ਪਰਿਵਾਰ ਦਾ ਚੰਗੀ ਤਰ੍ਹਾਂ ਖਿਆਲ ਰੱਖਿਆ। ਉਸਨੇ ਸਥਾਨਕ ਯਹੂਦੀ ਲੋਕਾਂ ਦੀ ਮਦਦ ਕਰਕੇ ਪ੍ਰਮਾਤਮਾ ਦਾ ਆਦਰ ਕੀਤਾ।

## ਗੇਮ: ਰੱਖਿਆ - ਪਾਠ 5



### ਸਮੱਗਰੀ

ਮਾਸਕਿੰਗ ਟੇਪ, ਹਰ ਵਿਦਿਆਰਥੀ ਲਈ ਇੱਕ ਡਿਸਪੋਜ਼ੇਬਲ ਕੱਪ, 1-2 ਗੇਂਦਾਂ

### ਤਿਆਰੀ

ਖੇਡਣ ਵਾਲੀ ਥਾਂ ਨੂੰ ਟੇਪ ਦੀ ਲਾਈਨ ਲਾਕੇ ਵੰਡ ਦਿਓ।

### ਗੇਮ ਖੇਡਣਾ

1. ਆਪਣੀ ਕਲਾਸ ਨੂੰ ਦੋ ਗਰੁੱਪਾਂ 'ਚ ਵੰਡ ਦਿਓ ਅਤੇ ਉਹਨਾਂ ਨੂੰ ਲਾਈਨ ਦੇ ਪਾਸਿਆਂ 'ਤੇ ਰੱਖ ਦਿਓ। ਹਰ ਵਿਦਿਆਰਥੀ ਨੂੰ ਇੱਕ ਕੱਪ ਦਿਓ। ਅਤੇ ਉਹ ਆਪਣੀ ਮਰਜ਼ੀ ਵਾਲੀ ਥਾਂ 'ਤੇ ਆਪਣਾ ਕੱਪ ਉਹਨਾਂ ਕੋਲੇ ਰੱਖਦੇ ਹਨ। (ਲਾਈਨ ਤੋਂ ਲੈਕੇ ਦੂਰੀ 6 ਮੀਟਰ ਤੋਂ ਵੱਧ ਨਾ ਹੋਵੇ) ਫਿਰ ਵਿਦਿਆਰਥੀ ਲਾਈਨ ਅਤੇ ਉਨ੍ਹਾਂ ਦੇ ਕੱਪ ਦੇ ਵਿਚਕਾਰ ਖੜ੍ਹੇ ਹੋ ਜਾਂਦੇ ਹਨ।


2. ਕਿਸੇ ਇੱਕ ਟੀਮ ਨੂੰ ਇੱਕ ਗੇਂਦ ਦੇ ਦਿਓ। ਟੀਮ ਦਾ ਇੱਕ ਭਾਗੀਦਾਰ ਗੇਂਦ ਨੂੰ ਲਾਈਨ ਦੇ ਉਸ ਪਾਰ ਭੇਜੇਗਾ ਤਾਂ ਜੋ ਦੂਜੀ ਟੀਮ ਦੇ ਕੱਪ ਖੜਕਾਏ ਜਾ ਸਕਣ ਜਦੋਂ ਕਿ ਦੂਜੇ ਭਾਗੀਦਾਰ ਆਪਣੇ ਹੱਥਾਂ ਤੇ ਪੈਰਾਂ ਦੀ ਮਦਦ ਨਾਲ ਆਪਣੇ ਕੱਪ ਬਚਾਉਂਦੇ ਹਨ। ਜਿਹੜਾ ਵਿਦਿਆਰਥੀ ਗੇਂਦ ਨੂੰ ਫੜ੍ਹ ਲੈਂਦਾ ਹੈ, ਇਸਨੂੰ ਦੂਜੀ ਦਿਸ਼ਾ 'ਚ ਭੇਜ ਦਿੰਦਾ ਹੈ। ਹਰ ਵਾਰੀ ਜਦੋਂ ਕੱਪ ਡਿੱਗਦਾ ਹੈ, ਵਿਦਿਆਰਥੀ ਗੇਮ 'ਚੋਂ ਬਾਹਰ ਹੋ ਜਾਂਦਾ ਹੈ ਅਤੇ ਆਪਣਾ ਕੱਪ ਲੈਕੇ ਪਾਸੇ ਖੜ੍ਹਕੇ ਉਡੀਕ ਕਰਦੇ ਹਨ। ਜੇਕਰ ਕੁਝ ਮਿੰਟ ਖੇਡਣ

ਤੋਂ ਬਾਅਦ ਵੀ ਕੋਈ ਕੱਪ ਨਹੀਂ ਡਿੱਗਦਾ, ਤਾਂ ਇੱਕ ਹੋਰ ਗੇਂਦ ਲੈ ਆਓ ਤਾਂ ਜੋ ਇੱਕੋ ਸਮੇਂ 'ਤੇ ਦੋ ਗੇਂਦਾਂ ਹੋ ਜਾਣ। 5 ਮਿੰਟਾਂ ਬਾਅਦ ਗੇਮ ਖ਼ਤਮ ਕਰ ਦਿਓ, ਤੇ ਵਿਦਿਆਰਥੀਆਂ ਨੂੰ ਕਹੋ ਸ਼ੁਰੂ ਤੋਂ ਸ਼ੁਰੂ ਕਰਨ।

**ਔਪਸ਼ਨ**

ਵਿਦਿਆਰਥੀਆਂ ਦੀ ਗਿਣਤੀ ਨਾਲੋਂ ਵੱਧ ਕੱਪ ਵਰਤੇ ਜਾ ਸਕਦੇ ਹਨ ਤਾਂ ਜੋ ਉਹਨਾਂ ਨੂੰ ਇੱਕ ਕੱਪ ਤੋਂ ਵੱਧ ਕੱਪ ਬਚਾਉਣੇ ਪੈਣ।

## ਬੁਝਾਰਤ ਦੇ ਉੱਤਰ - ਪਾਠ 5






# ਪਾਠ 6

## ਸਿਰਲੇਖ - ਪਾਠ 6

**ਸ਼ਾਂਤੀ ਭਰੀ ਖੁਸ਼ਖਬਰੀ ਦੇਣ ਵਾਲੇ ਜੁੱਤੇ**

## ਬਾਈਬਲ ਦੀ ਕਹਾਣੀ - ਪਾਠ 6

**ਫਿਲਿਪ ਅਤੇ ਇਥੀਓਪੀਅਨ**

**ਐਕਟ** 8:26-40

## ਬੈਜ (ਇਨਸਿਗਨਿਅਸ) - ਪਾਠ 6

**ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):**

**ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ:**




**ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ।**

**ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ।**




## ਨਾਟਕ - ਪਾਠ 6

**ਅੱਜ ਗਿਗਲ ਸਿਪਾਹੀ ਲਗਾਤਾਰ ਹਰ ਚੀਜ਼ ਬਾਰੇ ਸ਼ਿਕਾਇਤ ਕਰ ਰਹੀ ਹੈ ਅਤੇ ਚਿੰਤਾ ਕਰ ਰਹੀ ਹੈ। ਗਿਗਲ ਸਿਪਾਹੀ ਆਪਣੇ ਲੜਾਈ ਵਾਲੇ ਬੂਟ ਭੁੱਲ ਗਈ ਅਤੇ ਟਰੇਨਿੰਗ ਅਭਿਆਸ ਦੌਰਾਨ ਲਗਾਤਾਰ ਆਪਣੇ ਨੰਗੇ ਪੈਰਾਂ ਨੂੰ ਚੋਟ ਪਹੁੰਚਾਉਂਦੀ ਰਹੀ, ਜਿਸਦੇ ਕਰਕੇ ਉਸਨੇ ਹੋਰ ਸ਼ਿਕਾਇਤ ਕੀਤੀ ਤੇ ਹੋਰ ਵੀ ਚਿੰਤਾ ਕੀਤੀ। ਸਰਜੈਂਟ ਅੱਪਰਾਈਟ ਅਫਸਰ ਆਪਣੇ ਗਿਗਲ ਸਿਪਾਹੀ ਨੂੰ ਯਾਦ ਕਰਾਉਂਦਾ ਹੈ ਕਿ ਜਨਰਲ ਈਸਾ ਮਸੀਹ ਉਹਨਾਂ ਦਾ ਖਿਆਲ ਰੱਖਦਾ ਹੈ ਅਤੇ ਫਿਰ ਉਸਨੂੰ ਕਹਿੰਦਾ ਹੈ ਕਿ ਉਹ ਸ਼ਿਕਾਇਤਾਂ ਲਾਉਣੀਆਂ ਬੰਦ ਕਰੇ ਅਤੇ ਜਾਕੇ ਆਪਣੇ ਬੂਟ ਲਿਆਵੇ।**

## ਯਾਦਦਾਸ਼ਤ ਤੁਕ - ਪਾਠ 6

**"ਅਤੇ ਮਿਲਾਪ ਦੀ ਖੁਸ਼ ਖਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ !" ਅਫ਼ਸੀਆਂ ਨੂੰ** 6:15

## ਮੁੱਖ ਪਾਠ - ਪਾਠ 6

**ਐਕਟ 8:26-40**

ਹੁਣ ਟਾਈਮ ਹੈ ਬੂਟ ਪਾਉਣ ਦਾ ਤਾਂ ਜੋ ਆਪਾਂ ਜਾਣ ਲਈ ਤਿਆਰ ਹੋਈਏ! ਇਸਦਾ ਮਤਲਬ ਇਹ ਹੈ ਕਿ ਅਸੀਂ ਖੁਸ਼ਖਬਰੀ ਸਾਂਝੀ ਕਰਨ ਲਈ ਤਿਆਰ ਹਾਂ, ਜਾਂ ਕਿਸੇ ਵੀ ਪਲ ਮੰਨਣ ਨੂੰ ਤਿਆਰ ਹਾਂ, ਜਾਂ ਸਹੀ ਕੰਮ ਕਰਨ ਲਈ ਤਿਆਰ ਹਾਂ।
ਜੋ ਵੀ ਅਸੀਂ ਆਪਣੇ ਪੈਰਾਂ 'ਚ ਪਹਿਨਦੇ ਹਾਂ ਉਸ ਤੋਂ ਸਾਡੀ ਮਜ਼ਬੂਤੀ ਅਤੇ ਸਾਡੀ ਗਤੀਸ਼ੀਲਤਾ ਦਾ ਪਤਾ ਚਲਦਾ ਹੈ। ਜਿਹੜੇ ਵੀ ਬੂਟ ਆਪਾਂ ਪਹਿਨਦੇ ਹਾਂ ਉਸਦਾ ਸਿੱਧਾ-ਸਿੱਧਾ ਅਸਰ ਇਹ ਹੁੰਦਾ ਹੈ ਕਿ ਅਸੀਂ ਕਿੰਨੀ ਦੂਰ ਤੁਰ ਸਕਦੇ ਹਾਂ ਜਾਂ ਆਰਾਮ ਨਾਲ ਭੱਜ ਸਕਦੇ ਹਾਂ। ਗ਼ਲਤ ਬੂਟਾਂ ਦੀ ਚੋਣ ਕਰਨ ਨਾਲ ਅਸੀਂ ਤੰਗ ਆ ਸਕਦੇ ਹਾਂ, ਹੌਲੀ ਹੋ ਸਕਦੇ ਹਾਂ, ਅਤੇ ਮਾਰਚ ਦੀ ਲਾਈਨ 'ਚੋਂ ਬਾਹਰ ਹੋ ਸਕਦੇ ਹਾਂ। ਜਿਹੜਾ ਸਿਪਾਹੀ ਨੰਗੇ ਪੈਰੀਂ ਹੁੰਦਾ ਹੈ ਉਹ ਅਸਲੀ ਮੁਸੀਬਤ 'ਚ ਫਸ ਸਕਦਾ ਹੈ। ਅਖੀਰਲੀ ਗੱਲ ਜਿਸਦੀ ਚਿੰਤਾ ਸਾਨੂੰ ਕਰਨੀ ਪੈ ਸਕਦੀ ਹੈ ਉਹ ਇਹ ਹੈ ਕਿ ਅਸੀਂ ਲੜਾਈ 'ਚ ਕਦਮ ਕਿੱਥੇ ਧਰਾਂਗੇ। ਬੂਟਾਂ ਦੀ ਮਦਦ ਨਾਲ ਅਸੀਂ ਬੇਫਿਕਰ ਹੋਕੇ ਤੇ ਬਿਨਾ ਕਿਸੇ ਡਰ ਤੋਂ ਕਿਤੇ ਵੀ ਕਦਮ ਧਰਦੇ ਹਾਂ ਤੇ ਆਪਣਾ ਸਾਰਾ ਧਿਆਨ ਚੱਲ ਰਹੀ ਜੰਗ ਵੱਲ ਦਿੰਦੇ ਹਾਂ। ਪ੍ਰਮਾਤਮਾ ਦੇ ਰਾਜ ਦੀ ਖੁਸ਼ਖਬਰੀ ਦੱਸਣ ਲਈ ਈਸਾ ਮਸੀਹ ਦਾ ਸ਼ਰੀਰ ਭੇਜਿਆ ਗਿਆ ਹੈ, ਜਿਸ ਨਾਲ ਪੂਰੀ ਦੁਨੀਆਂ ਵਿੱਚ ਉਸਦੀ ਸ਼ਾਂਤੀ ਦਾ ਤਰੀਕਾ ਫੈਲ ਜਾਵੇਗਾ। ਬੂਟ ਪਹਿਨੇ ਹੋਏ, ਅਸੀਂ ਤੁਰਨ ਲਈ ਤਿਆਰ ਹਾਂ, ਤਾਂ ਜੋ ਦੂਜਿਆਂ ਨੂੰ ਇਹ ਖੁਸ਼ਖਬਰੀ ਸੁਣਾਈ ਜਾ ਸਕੇ।
ਐਕਟਸ ਦੀ ਕਿਤਾਬ ਵਿੱਚੋਂ ਫਿਲਿਪ ਦੀ ਕਹਾਣੀ ਕਿਸੇ ਦੀ ਇੱਕ ਬਹੁਤ ਹੀ ਮਹਾਨ ਕਹਾਣੀ ਹੈ ਜੋ ਖੁਸ਼ਖਬਰੀ ਸੁਣਾਉਣ ਲਈ ਤਿਆਰ ਹੋ ਗਿਆ ਸੀ। ਪਤਾ ਨੀ ਕਿੱਥੋਂ ਇੱਕ ਦੇਵਦੂਤ ਉਸਨੂੰ ਖੜ੍ਹੇ ਹੋਣ ਲਈ ਤੇ ਜਾਣ ਲਈ ਕਹਿੰਦਾ ਹੈ, ਸ਼ਹਿਰ ਦੀ ਗਲੀ 'ਚ ਜਾਣ ਲਈ ਸਹੀ ਨਿਰਦੇਸ਼ ਵੀ ਦਿੰਦਾ ਹੈ। ਜਦੋਂ ਉਹ ਪਹੁੰਚਦਾ ਹੈ, ਤਾਂ ਪ੍ਰਮਾਤਮਾ ਉਸਨੂੰ ਕਿਸੇ ਖਾਸ ਗੱਡੀ ਤੱਕ ਭੱਜਣ ਲਈ ਕਹਿੰਦਾ ਹੈ। ਫਿਲਿਪ ਉਸ ਆਦਮੀ ਨੂੰ ਪੁੱਛਦਾ ਹੈ ਕਿ ਜੋ-ਜੋ ਉਹ ਪੜ੍ਹ ਰਿਹਾ ਹੈ, ਉਸਨੂੰ ਸਹੀ ਸਮਝ ਤਾਂ ਆ ਰਹੀ ਹੈ, ਉਸਨੂੰ ਇੱਕ ਕਾਰ 'ਚ ਜਾਣ ਲਈ ਕਿਹਾ ਜਾਂਦਾ ਹੈ, ਅਤੇ ਫਿਰ ਖੁਸ਼ਖਬਰੀ ਸਾਂਝੀ ਕਰਨ ਵੱਲ ਵਧਦਾ ਹੈ। ਇਥੀਓਪੀਅਨ ਮਸੀਹ ਨੂੰ ਚੁਣਨ ਦਾ ਫੈਸਲਾ ਕਰਦਾ ਹੈ ਅਤੇ ਉੱਥੇ ਈਸਾਈ ਬਣਨ ਲਈ ਜਲ-ਸੰਸਕਾਰ ਕਰਨ ਲਈ ਕਾਰ ਰੋਕਦਾ ਹੈ! ਫਿਲਿਪ ਨੇ ਉਸਨੂੰ ਈਸਾਈ ਬਣਾ ਦਿੱਤਾ ਤੇ ਜਲ ਸੰਸਕਾਰ ਕਰ ਦਿੱਤਾ, ਪਰ ਜਦੋਂ ਉਹ ਪਾਣੀ 'ਚੋਂ ਬਾਹਰ ਨਿੱਕਲੇ, ਫਿਲਿਪ ਗਾਇਬ ਹੋ ਗਿਆ। ਪ੍ਰਮਾਤਮਾ ਦੀ ਰੂਹ ਫਿਲਿਪ ਨੂੰ ਕਿਤੇ ਹੋਰ ਲੈ ਗਈ ਤਾਂ ਜੋ ਉਹ ਖੁਸ਼ਖਬਰੀ ਦਾ ਪ੍ਰਚਾਰ ਕਰਨਾ ਜਾਰੀ ਰੱਖੇ। ਕਿਸੇ ਦੀ ਕਿੰਨੀ ਵਧੀਆ ਸੱਚੀ ਕਹਾਣੀ ਹੈ ਜੋ ਖੁਸ਼ਖਬਰੀ ਸਾਂਝੀ ਕਰਨ ਜਾਣ ਲਈ ਤਿਆਰ ਸੀ!

## ਬੂਟ ਕੈਂਪ - ਪਾਠ 6

### ਅਸਾਈਨਮੈਂਟ - ਪਾਠ 6

ਹੁਣ ਇਹ ਪਤਾ ਲਾਉਣ ਦਾ ਵੇਲਾ ਹੈ ਕਿ ਕਿਸੇ ਨੂੰ ਖੁਸ਼ਖਬਰੀ ਦੱਸਣ ਲਈ ਜਦੋਂ ਤਿਆਰ ਨਹੀਂ ਹੁੰਦੇ ਤਾਂ ਕਿਵੇਂ ਮਹਿਸੂਸ ਹੁੰਦਾ ਹੈ। ਪਹਿਲਾਂ, ਮੰਨ ਲਓ ਕਿ ਤੁਸੀਂ ਸੜਕ ਤੇ ਬਿਨਾਂ ਬੂਟ ਪਹਿਨੇ ਤੁਰ ਰਹੇ ਹੋ ਜਾਂ ਭੱਜ ਰਹੇ ਹੋ। ਓਏ! ਅੱਗੇ, ਜੇਕਰ ਤੁਹਾਨੂੰ ਕਿਸੇ ਨੇ ਪੁੱਛ ਲਿਆ ਕਿ ਈਸਾਈ ਕਿਵੇਂ ਬਣਿਆ ਜਾਵੇ ਤਾਂ ਤੁਸੀਂ ਕੀ ਕਹੋਂਗੇ।



### ਹੋਮਵਰਕ (ਵੱਡੇ ਵਿਦਅ◌ਾਰਥੀ) - ਪਾਠ 6

17 ਤੋਂ 19 ਐਕਟ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 6

"ਮੈਂ ਪ੍ਰਮਾਤਮਾ ਨਾਲ ਚੰਗਾ ਰਿਸ਼ਤਾ ਬਣਾਕੇ ਰੱਖਾਂਗਾ ਅਤੇ ਹਮੇਸ਼ਾ ਉਹਨਾਂ ਦੀ ਸੇਵਾ 'ਚ ਹਾਜ਼ਿਰ ਰਹਾਂਗਾ।"

## ਪ੍ਰਸ਼ਨ ਅਤੇ ਉੱਤਰ - ਪਾਠ 6

1. ਕਿਹੜੇ ਹਾਲਾਤ ਵਿਚ ਤੁਹਾਨੂੰ ਅਚਾਨਕ ਹੀ ਖੁਸ਼ਖਬਰੀ ਸਾਂਝੀ ਕਰਨ ਦੀ ਲੋੜ ਪਵੇਗੀ, ਉਹ ਵੀ ਪਹਿਲਾਂ ਤੋਂ ਤਿਆਰੀ ਕੀਤੇ ਬਿਨਾਂ?

ਉਦਾਹਰਣਾਂ: ਰੇਲਗੱਡੀ 'ਚ ਤੁਹਾਡੇ ਕੋਲ ਬੈਠਾ ਬੰਦਾ ਤੁਹਾਡੇ ਤੋਂ ਬਾਈਬਲ ਬਾਰੇ ਸਵਾਲ ਪੁੱਛਦਾ ਹੈ। ਤੁਹਾਡਾ ਦੋਸਤ ਡਿਪ੍ਰੈਸ਼ਨ 'ਚ ਹੈ ਤੇ ਦੁਖੀ ਹੈ ਅਤੇ ਮਰਨ ਬਾਰੇ ਸੋਚ ਰਿਹਾ ਹੈ। ਤੁਹਾਡੇ ਸਕੂਲ 'ਚ ਅਧਿਆਪਕ ਕਹਿੰਦਾ ਹੈ ਕਿ ਪ੍ਰਮਾਤਮਾ ਹੈ ਹੀ ਨਹੀਂ।

2. ਤੁਸੀਂ ਕਿਹੜਾ ਵਿਸ਼ਾ ਪੜ੍ਹਾਉਂਗੇ ਜੇਕਰ ਤੁਹਾਨੂੰ ਬਿਨਾਂ ਕੋਈ ਚੇਤਾਵਨੀ ਦਿੱਤੇ ਕਲਾਸ ਚਲਾਉਣ ਲਈ ਕਿਹਾ ਜਾਵੇ?

ਵਿਦਿਆਰਥੀਆਂ ਲਈ ਇਹ ਇੱਕ ਚੰਗਾ ਸਵਾਲ ਹੈ ਤਾਂ ਜੋ ਉਹ ਸੋਚ ਸਕਣ ਕਿ ਉਹ ਬਾਈਬਲ ਦੇ ਕਿਹੜੇ ਵਿਸ਼ੇ ਪੜ੍ਹਾ ਸਕਦੇ ਹਨ। ਪੂਰੇ ਇਤਿਹਾਸ ਵਿੱਚ ਪ੍ਰਮਾਤਮਾ ਨੇ ਹੋਰ ਲੋਕਾਂ ਨਾਲ ਗੱਲ ਕਰਨ ਲਈ ਅਜਿਹੇ ਲੋਕਾਂ ਨੂੰ ਵਰਤਿਆ ਹੈ ਜੋ ਉਹਨਾਂ ਦੀ ਉਮਰ ਦੇ ਹੀ ਹੋਣ।

3. ਡਰ ਭਰੀ ਖੁਸ਼ਖਬਰੀ ਦੀ ਤੁਲਨਾ 'ਚ "ਸ਼ਾਂਤੀ" ਭਰੀ ਖੁਸ਼ਖਬਰੀ ਕੀ ਹੈ?

ਅਸਲ 'ਚ, ਖੁਸ਼ਖਬਰੀ ਦੱਸਦੀ ਹੈ ਕਿ ਹਮੇਸ਼ਾ ਲਈ ਨਰਕ 'ਚ ਮੱਚਣ ਤੋਂ ਬਚਣ ਲਈ ਰੱਖਿਆ ਹੀ ਇੱਕੋ-ਇੱਕ ਰਾਹ ਹੈ। ਲੋਕ ਮਰਨ ਤੋਂ ਡਰਦੇ ਹਨ, ਅਤੇ ਉਸ ਡਰ ਕਰਕੇ ਖੁਸ਼ਖਬਰੀ ਨੂੰ ਸੁਣਨ ਲਈ ਤਿਆਰ ਹਨ। ਇਹ ਵੀ ਸੱਚ ਹੈ ਕਿ ਜੇਕਰ ਅਸੀਂ ਜ਼ਿੰਦਗੀ ਜਿਉਣ ਲਈ ਖੁਸ਼ਖਬਰੀ ਦਾ ਸਹਾਰਾ ਲੈਂਦੇ ਹਾਂ ਤਾਂ ਉਹ ਵੀ ਵਧੀਆ ਰਾਹ ਹੈ। ਅਸੀਂ ਸ਼ਾਂਤੀ ਦਾ ਅਨੁਭਵ ਕਰਾਂਗੇ ਭਾਵੇਂ ਸਾਡੇ ਆਸੇ-ਪਾਸੇ ਕੁਝ ਵੀ ਕਿਉਂ ਨਾ ਹੋ ਰਿਹਾ ਹੋਵੇ। ਪ੍ਰਮਾਤਮਾ ਦਾ ਜੋ ਸਾਡੇ ਲਈ ਪਿਆਰ ਹੈ ਉਸਨੂੰ ਅਸੀਂ ਮਹਿਸੂਸ ਕਰ ਸਕਦੇ ਹਾਂ।

4. ਇਥੀਓਪੀਅਨ ਨੇ ਫਿਲਿਪ ਨੂੰ ਕੀ ਪੁੱਛਿਆ?

ਉਸਨੇ ਉਹ ਸ਼ਾਸਤਰਾਂ ਦਾ ਮਤਲਬ ਪੁੱਛਿਆ ਜੋ ਉਹ ਪੜ੍ਹ ਰਿਹਾ ਸੀ।

5. ਜਦੋਂ ਇਥੀਓਪੀਅਨ ਨੇ ਪਾਣੀ ਦੇਖਿਆ, ਤਾਂ ਉਸਨੇ ਕੀ ਮੰਗਿਆ?

ਈਸਾਈ ਬਣਨ ਦੇ ਸਮੇਂ ਪਹਿਲਾ ਜਲ-ਸੰਸਕਾਰ ਕਰਨਾ

## ਗੇਮ: ਰੱਖਿਆ - ਪਾਠ 6



**ਸਮੱਗਰੀ**

ਮਾਸਕਿੰਗ ਟੇਪ ਜਾਂ ਧਾਗਾ

**ਤਿਆਰੀ**

ਟੇਪ ਨਾਲ ਦੋ ਬਰਾਬਰ ਲਾਈਨਾਂ ਬਣਾਓ, ਇੱਕ ਦੂਜੇ ਤੋਂ 6 ਮੀਟਰ ਦੀ ਦੂਰੀ 'ਤੇ ਹੋਣ, ਤਿੰਨ ਮੀਟਰ ਚੌੜੀਆਂ।

**ਗੇਮ ਖੇਡਣਾ**

ਇੱਕ ਵਿਦਿਆਰਥੀ ਦੀ ਡਿਊਟੀ ਲਾਓ ਜੋ ਲਾਈਨਾਂ ਦੇ ਵਿਚਕਾਰ ਖੜ੍ਹਾ ਰਹੇਗਾ ਜਦੋਂ ਬਾਕੀ ਭੱਜ ਰਹੇ ਹੋਣਗੇ। ਜਿਨ੍ਹਾਂ ਨੂੰ ਉਹ ਛੂਹ ਲੈਂਦਾ ਹੈ ਉਹ ਸਾਰੇ ਆਪਣੀ ਜਗ੍ਹਾ ਤੇ ਹੀ ਜੰਮ ਜਾਣਗੇ, ਅਤੇ ਉੱਥੇ ਉਹ ਲਗਾਤਾਰ ਆਪਣੇ ਸਿਰਾਂ, ਮੋਢਿਆਂ, ਗੋਡਿਆਂ ਅਤੇ ਪੈਰਾਂ ਨੂੰ ਹੱਥ ਲਾਉਂਦੇ ਰਹਿਣਗੇ। ਭੱਜ ਰਹੇ ਬੱਚੇ ਇਹ ਧਿਆਨ ਰੱਖਣ ਕਿ ਉਹਨਾਂ ਨੂੰ ਉਹ ਛੂਹ ਨਾ ਲਵੇ ਅਤੇ ਜੰਮਾ ਨਾ ਦੇਵੇ, ਪਰ ਉਹ ਕਿਸੇ ਹੋਰ ਨੂੰ ਬਚਾਉਣ ਲਈ ਛੋਹੰਦੇ ਹਨ ਜੋ ਪਹਿਲਾਂ ਤੋਂ ਹੀ ਜੰਮਿਆ ਹੋਇਆ ਹੈ ਤਾਂ ਜੋ ਉਹ ਵੀ ਦੂਜਿਆਂ ਨਾਲ ਭੱਜ ਸਕੇ। ਜਦੋਂ ਉਹ ਲਾਈਨ 'ਤੇ ਪਹੁੰਚ ਜਾਂਦੇ ਹਨ, ਤਾਂ ਦੂਜੀ ਲਾਈਨ 'ਤੇ ਪਰਤਣ ਲਈ ਉਹਨਾਂ ਨੂੰ ਇੱਕ ਸਿਗਨਲ ਦੀ ਉਡੀਕ ਕਰਨੀ ਪਵੇਗੀ ਅਤੇ ਡਿਊਟੀ ਲਾਏ ਵਿਦਿਆਰਥੀ ਨੂੰ ਬਦਲ ਕੇ ਗੇਮ ਜਾਰੀ ਰੱਖਣੀ ਹੈ ਅਤੇ ਉਸਦੀ ਥਾਂ 'ਤੇ ਕਿਸੇ ਵੀ ਚਾਹਵਾਨ ਦੀ ਡਿਊਟੀ ਲਾਈ ਜਾਏਗੀ।


**ਔਪਸ਼ਨ**


**ਜਦੋਂ ਲਾਈਨਾਂ ਵਿਚਕਾਰ ਖੜ੍ਹੇ ਵਿਦਿਆਰਥੀ ਨੂੰ ਬਦਲਿਆ ਜਾਏਗਾ, ਤਾਂ ਤੁਸੀਂ ਉਹਨਾਂ ਨਿਰਦੇਸ਼ਾਂ ਨੂੰ ਵੀ ਬਦਲ ਸਕਦੇ ਹੋ ਜੋ ਡਿਊਟੀ ਲੱਗੇ ਵਿਦਿਆਰਥੀ ਦੁਆਰਾ ਦਿੱਤੇ ਜਾਣਗੇ।**

**ਨਿਰਦੇਸ਼ਾਂ 'ਚੋਂ ਇੱਕ ਨਿਰਦੇਸ਼ ਇਹ ਵੀ ਹੋ ਸਕਦਾ ਹੈ ਕਿ ਉਸਨੂੰ ਆਪਣੀਆਂ ਉਂਗਲੀਆਂ ਨਾਲ ਚੁਟਕੀ ਵਜਾਉਂਦੇ ਰਹਿਣਾ ਹੋਵੇਗਾ ਜਾਂ ਉੱਥੇ ਮਾਰਚਿੰਗ ਜਾਰੀ ਰੱਖਣੀ ਪਵੇਗੀ।**

## ਬੁਝਾਰਤ ਦੇ ਉੱਤਰ - ਪਾਠ 6

| | | | | | | | | | |
|---|---|---|---|---|---|---|---|---|---|
| ਧਾ | ਸਾ | ਇ | ਲ | ਰੂ | ਆ | ਜ | ਸ | ਰੂ | ਕੇ |
| ਨ | ਰ | ਲ | ਥੀ | ਇ | ਤ | ਲ | ਤ | ਰ | ਅ |
| ਪੁੰ | ਜ | ਮਿ | ਬ | ੳ | ਮਾ | ਕ | ਕ | ਥ | ਧਿ |
| ਸ | ਲ | ਈ | ਕ | ਮ | ਪੀ | ਰ | ਲ | ਜ | ਕਾ |
| ਕ | ਇ | ਆ | ਲੋਂ | ਸਿੱ | ਕਾ | ਅ | ਸੰ | ਜ | ਰਿ |
| ਈ | ਲਿ | ਸ | ਆ | ਸ | ਖਿ | ਰੂ | ਨ | ਸੰ | ਕ |
| ਈ | ਰੂ | ਖ | ਆ | ਫ਼ | ਆ | ਆ | ਸੰ | ਸਾ | ਜ |
| ਜੇ | ਸੰ | ਕ | ਣਾ | ਰ | ਫਿ | ਪੈ | ਗੰ | ਬ | ਰ |
| ਆ | ਸੰ | ਸ਼ਾਂ | ਕ | ਸਾ | ਰੂ | ਲਿ | ਕ | ਲ | ਰੂ |
| ਜ | ਆ | ਤੀ | ਸੰ | ਸਾ | ਆ | ਲ | ਪ | ਆ | ਸਾ |







# ਪਾਠ 7

## ਸਿਰਲੇਖ - ਪਾਠ 7

**ਵਿਸ਼ਵਾਸ ਭਰੀ ਸ਼ੀਲਡ**

## ਬਾਈਬਲ ਦੀ ਕਹਾਣੀ - ਪਾਠ 7

**ਪੌਲ ਅਤੇ ਜਹਾਜ਼ ਦੀ ਤਬਾਹੀ**


**ਐਕਟ** 27:21-37, 28:1

## ਬੈਜ (ਇਨਸਿਗਨਿਅਸ) - ਪਾਠ 7



**ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):**

**ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ:**




**ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ।**

**ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ।**

## ਨਾਟਕ - ਪਾਠ 7

**ਅੱਜ ਸਰਜੈਂਟ ਔੱਪਰਾਈਟ ਅਫਸਰ ਦੋਨਾਂ ਸਿਪਾਹੀਆਂ ਡੂਟੀ ਤੇ ਗਿਗਲ ਨੂੰ ਨਵੇਂ ਸ਼ੀਲਡ ਦਿੰਦੇ ਹਨ। ਟਰੇਨਿੰਗ 'ਚ, ਸਿਪਾਹੀ ਸ਼ੀਲਡ ਦੀ ਵਰਤੋਂ ਕਰਦੇ ਹਨ ਤਾਂ ਜੋ ਉਹ ਉਸ ਸਮੇਂ ਆਪਣੇ ਉੱਪਰ ਪਾਣੀ ਛਿੜਕੇ ਜਾਣ ਤੋਂ ਆਪਣੇ ਆਪ ਨੂੰ ਬਚਾ ਸਕਣ। ਡੂਟੀ ਸਿਪਾਹੀ ਸ਼ੀਲਡ ਦੀ ਮਦਦ ਨਾਲ ਹੋਰ ਵੀ ਵਧੀਆ ਤੇ ਵਧੀਆ ਹੁੰਦਾ ਜਾਂਦਾ ਹੈ ਅਤੇ ਅੰਤ 'ਚ ਉਹ ਹਲਕਾ ਜਿਹਾ ਹੀ ਗਿੱਲਾ ਹੁੰਦਾ ਹੈ। ਗਿਗਲ ਸਿਪਾਹੀ ਆਪਣਾ ਸ਼ੀਲਡ ਲਿਆਉਣਾ ਭੁੱਲ ਜਾਂਦੀ ਹੈ ਅਤੇ ਪੂਰੀ ਗਿੱਲੀ ਹੋ ਜਾਂਦੀ ਹੈ।**

## ਯਾਦਦਾਸ਼ਤ ਤੁਕ - ਪਾਠ 7

**"ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ"**

**ਅਫ਼ਸੀਆਂ ਨੂੰ** 6:16

## ਮੁੱਖ ਪਾਠ - ਪਾਠ 7

**ਐਕਟ 27:21-37, 28:1**

ਅੱਜ ਅਸੀਂ ਵਿਸ਼ਵਾਸ ਭਰੀ ਸ਼ੀਲਡ ਬਾਰੇ ਸਿੱਖ ਰਹੇ ਹਾਂ, ਰੱਖਿਆ ਕਰਨ ਲਈ ਇੱਕ ਬਹੁਤ ਹੀ ਵਧੀਆ ਹਥਿਆਰ ਕਿਉਂਕਿ ਇਸਨੂੰ ਆਪਾਂ ਇਧਰ-ਉਧਰ ਹਿਲਾ ਸਕਦੇ ਹਾਂ ਅਤੇ ਕਿਸੇ ਵੀ ਹਮਲਿਆਂ ਤੋਂ ਆਪਣੇ-ਆਪ ਦੀ ਰੱਖਿਆ ਕਰ ਸਕਦੇ ਹਾਂ। ਬਾਈਬਲ ਕਹਿੰਦੀ ਹੈ ਕਿ ਅਸੀਂ ਇਸਦੀ ਵਰਤੋਂ ਅੱਗ ਨਾਲ ਮੱਚਦੇ ਬੁਰਾਈ ਦੇ ਤੀਰਾਂ ਨੂੰ ਬੁਝਾਕੇ ਕਰ ਸਕਦੇ ਹਾਂ। ਇਹ ਇੰਝ ਨਹੀਂ ਕਹਿੰਦੀ ਕਿ "ਜੇਕਰ" ਤੀਰ ਆਏ ਪਰ "ਜਦੋਂ ਵੀ" ਉਹ ਆਏ, ਅਸੀਂ ਉਹਨਾਂ ਖਿਲਾਫ ਸ਼ਕਤੀਹੀਣ ਨਹੀਂ ਹੋਵਾਂਗੇ। ਸੱਚਾਈ ਇਹ ਹੈ ਕਿ ਦੁਸ਼ਮਣ ਲਗਾਤਾਰ ਸਾਡੇ 'ਤੇ ਹਮਲਾ ਕਰ ਰਿਹਾ ਹੈ। ਤੁਹਾਡਾ ਦੁਸ਼ਮਣ ਅੱਗ ਮੱਚਦੇ ਤੀਰਾਂ ਨਾਲ ਤੁਹਾਡਾ ਧਿਆਨ ਭਟਕਾਉਣਾ ਚਾਹੁੰਦਾ ਹੈ ਅਤੇ ਤੁਹਾਨੂੰ ਅੰਦਰੋਂ ਹਿਲਾ ਦੇਣਾ ਚਾਹੁੰਦਾ ਹੈ। ਇਹ ਪਲੈਨ ਉਸਨੇ ਖਾਸ ਤੁਹਾਡੇ ਲਈ ਤਿਆਰ ਕੀਤਾ ਹੈ। ਉਸਨੇ ਤੁਹਾਡੀਆਂ ਆਦਤਾਂ, ਡੂੰਘੇ ਡਰ ਅਤੇ ਕਮਜ਼ੋਰੀਆਂ ਬਾਰੇ ਜਾਣਿਆ ਹੈ, ਅਤੇ ਆਪਣੇ ਤੀਰਾਂ ਦੇ ਨਿਸ਼ਾਨੇ ਉਨ੍ਹਾਂ ਖਾਸ ਦਿਸ਼ਾਵਾਂ 'ਚ ਲਗਾਏ ਹਨ।

ਵਿਸ਼ਵਾਸ ਦਾ ਮਤਲਬ ਹੈ ਪ੍ਰਮਾਤਮਾ 'ਤੇ ਯਕੀਨ ਰੱਖਣਾ, ਭਾਵੇਂ ਅਸੀਂ ਉਸਦੇ ਰੂਹਾਨੀ ਰਾਜ ਨੂੰ ਨਹੀਂ ਦੇਖ ਸਕਦੇ। ਅਸੀਂ ਜਾਣਦੇ ਹਾਂ ਕਿ ਪ੍ਰਮਾਤਮਾ ਵਸਦਾ ਹੈ ਭਾਵੇਂ ਅਸੀਂ ਉਸਨੂੰ ਦੇਖ ਨਹੀਂ ਸਕਦੇ, ਅਤੇ ਇਹੀ ਵਿਸ਼ਵਾਸ ਹੈ ਜੋ ਸਾਡੇ ਦਿਲਾਂ 'ਚ ਵਸਿਆ ਹੋਇਆ ਹੈ। ਜੇ ਸਾਡੇ ਕੋਲ ਵਿਸ਼ਵਾਸ ਹੁੰਦਾ ਹੈ, ਤਾਂ ਅਸੀਂ ਦੁਸ਼ਮਣ ਦੇ ਇਹਨਾਂ ਸੋਚੇ-ਸਮਝੇ ਹਮਲਿਆਂ ਦਾ ਸਾਹਮਣਾ ਕਰਕੇ ਉਸਨੂੰ ਹਰਾ ਸਕਦੇ ਹਾਂ।

ਐਕਟਸ ਦੀ ਕਿਤਾਬ ਵਿੱਚ ਅੱਜ ਦੀ ਬਾਈਬਲ ਕਹਾਣੀ ਅਨੁਸਾਰ, ਇੱਕ ਭਿਆਨਕ ਤੂਫ਼ਾਨ ਦੌਰਾਨ ਪੌਲ ਇੱਕ ਸਮੁੰਦਰ 'ਤੇ ਸੀ, ਅਤੇ ਪ੍ਰਮਾਤਮਾ ਉਸਨੂੰ ਦੱਸਦਾ ਹੈ ਕਿ ਜਹਾਜ਼ 'ਤੇ ਸਵਾਰ ਕੋਈ ਵੀ ਬੰਦਾ ਤੂਫ਼ਾਨ ਨਾਲ ਨਹੀਂ ਮਰੇਗਾ! ਪੌਲ ਨੂੰ ਵਿਸ਼ਵਾਸ ਹੈ ਕਿ ਪ੍ਰਮਾਤਮਾ ਨੇ ਉਸ ਨਾਲ ਗੱਲ ਕੀਤੀ ਸੀ, ਭਾਵੇਂ ਉਹ ਪ੍ਰਮਾਤਮਾ ਨੂੰ ਵੇਖ ਨਹੀਂ ਸੀ ਸਕਦਾ। ਇਹ ਦੇਖਣਾ ਰੋਮਾਂਚਕ ਹੈ ਕਿ ਅੱਗੇ ਪੌਲ ਹਰੇਕ ਨੂੰ ਦੱਸਦਾ ਹੈ ਕਿ ਪ੍ਰਮਾਤਮਾ ਨੇ ਕੀ ਕਿਹਾ, ਅਤੇ ਤਾਕਤ ਦੇ ਲਈ ਉਹਨਾਂ ਨੂੰ ਬਹੁਤ ਸਾਰਾ ਭੋਜਨ ਖਾਣ ਲਈ ਕਿਹਾ। ਸਿਰਫ ਪੌਲ ਨੇ ਹੀ ਪ੍ਰਮਾਤਮਾ 'ਤੇ ਵਿਸ਼ਵਾਸ ਨਹੀਂ ਕੀਤਾ, ਸਗੋਂ ਉਹ ਪ੍ਰਮਾਤਮਾ ਦੇ ਇਸ ਸੁਨੇਹੇ ਨੂੰ ਜਨਤਾ ਵਿਚ ਦੂਜਿਆਂ ਨਾਲ ਸਾਂਝਾ ਕਰਨ ਲਈ ਵੀ ਤਿਆਰ ਸੀ ਅਤੇ ਇਸ ਸੁਨੇਹੇ ਤੇ ਅਮਲ ਕਰਨ ਲਈ ਵੀ ਤਿਆਰ ਸੀ! ਉਸਨੂੰ ਬਹੁਤ ਹੀ ਬੁਰੀ ਸ਼ਰਮਿੰਦਗੀ ਹੋਈ ਹੁੰਦੀ ਜੇ ਕੋਈ ਜਹਾਜ਼ ਦੀ ਤਬਾਹੀ ਤੋਂ ਮਰ ਜਾਂਦਾ। ਪ੍ਰਮਾਤਮਾ ਦੇ ਬਚਨਾਂ ਦੀ ਖਾਤਿਰ ਕਦੇ-ਕਦੇ ਸਾਨੂੰ ਜਨਤਕ ਤੌਰ 'ਤੇ ਵੀ ਸਾਹਮਣੇ ਆਉਣਾ ਪੈ ਸਕਦਾ ਹੈ, ਲੋਕਾਂ ਦੀ ਪਰਵਾਹ ਨਾ ਕਰਦੇ ਹੋਏ ਤੇ ਸਿਰਫ ਉਸ 'ਤੇ ਵਿਸ਼ਵਾਸ ਕਰਦੇ ਹੋਏ। ਕੀ ਤੁਸੀਂ ਅਜਿਹੀ ਚੀਜ਼ ਕਰਕੇ ਵਿਸ਼ਵਾਸ ਭਰੀ ਸ਼ੀਲਡ ਚੁੱਕੋਗੇ ਜੋ ਤੁਹਾਨੂੰ ਦਿਖਾਈ ਹੀ ਨਹੀਂ ਦਿੰਦਾ? ਇਸ ਤਰ੍ਹਾਂ ਤੁਸੀਂ ਅੱਗ ਨਾਲ ਮੱਚਦੇ ਤੀਰਾਂ ਨੂੰ ਬੁਝਾਉਂਗੇ ਅਤੇ ਦੁਸ਼ਮਣ ਖਿਲਾਫ ਲੜੋਂਗੇ!

## ਬੂਟ ਕੈਂਪ - ਪਾਠ 7

**ਅਸਾਈਨਮੈਂਟ - ਪਾਠ 7**



ਇਸ ਹਫਤੇ ਅਜਿਹੀਆਂ ਚੀਜ਼ਾਂ ਦੀ ਸੂਚੀ ਬਣਾਕੇ ਲਿਖੋ ਜੋ ਤੁਹਾਨੂੰ ਲੱਗਦਾ ਹੈ ਕਿ ਬਾਈਬਲ ਵਿੱਚੋਂ ਹਨ ਪਰ ਉਹ ਦਿਖਦੀਆਂ ਨਹੀਂ ਹਨ, ਪਰ ਫਿਰ ਵੀ ਤੁਹਾਨੂੰ ਯਕੀਨ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਦੁਸ਼ਮਣ ਤੁਹਾਡੀ ਸੂਚੀ 'ਚ ਦਿੱਤੇ ਕਿਹੜੇ ਇੱਕ ਤਰੀਕੇ ਨਾਲ ਤੁਹਾਡੇ 'ਤੇ ਹਮਲਾ ਕਰੇਗਾ?

**ਹੋਮਵਰਕ (ਵੱਡੇ ਵਿਦਅ਼ਾਰਥੀ) - ਪਾਠ 7**

20 ਤੋਂ 22 ਐਕਟ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 7

"ਮੈਂ ਪ੍ਰਮਾਤਮਾ 'ਤੇ ਵਿਸ਼ਵਾਸ ਕਰਦਾ ਹਾਂ ਅਤੇ ਨਿਹਚਾ ਰੱਖਦਾ ਹਾਂ।"

## ਪ੍ਰਸ਼ਨ ਅਤੇ ਉੱਤਰ - ਪਾਠ 7

1. ਅਸਲੀ ਜ਼ਿੰਦਗੀ ਵਿਚ, "ਅੱਗ ਨਾਲ ਮੱਚਦੇ ਬੁਰਾਈ ਦੇ ਕਿਹੜੇ ਤੀਰ" ਹਨ?

ਉਦਾਹਰਣਾਂ: ਤੁਹਾਡਾ ਅਧਿਆਪਕ ਕਹਿੰਦਾ ਹੈ ਕਿ ਵਿਅਕਤੀ ਬਾਂਦਰ ਤੋਂ ਤਿਆਰ ਹੋਇਆ ਅਤੇ ਪ੍ਰਮਾਤਮਾ ਹੀ ਹੈ ਜਿਸਨੇ ਇਹ ਸਭ ਚੀਜ਼ਾਂ ਬਣਾਈਆਂ| ਹੋਰ ਲੋਕ ਕਹਿੰਦੇ ਹਨ ਕਿ ਈਸਾ ਮਸੀਹ ਬਸ ਇੱਕ ਚੰਗਾ ਆਦਮੀ ਜਾਂ ਗੁਰੂ ਸੀ ਤੇ ਨਾ ਕਿ ਪ੍ਰਮਾਤਮਾ ਸੀ| ਤੁਹਾਨੂੰ ਡਰ ਹੈ ਕਿ ਪ੍ਰਮਾਤਮਾ ਤੁਹਾਡੇ ਮਾਪਿਆਂ ਦੀ ਜ਼ਿੰਦਗੀ ਨਹੀਂ ਬਦਲ ਸਕਦਾ|

2. ਤੁਹਾਡੀ ਆਮ ਜ਼ਿੰਦਗੀ ਦੀ ਅਜਿਹੀ ਕਿਹੜੀ ਖਾਸ ਉਦਾਹਰਣ ਹੈ ਜਿਸਦੇ ਵਿੱਚ ਤੁਸੀਂ ਆਪਣੀ ਵਿਸ਼ਵਾਸ ਭਰੀ ਸ਼ੀਲਡ ਨਾਲ ਤੀਰ ਮੋੜਿਆ ਹੋਵੇ?

ਜਦੋਂ ਤੁਸੀਂ ਸੁਣਦੇ ਹੋ ਕਿ ਪ੍ਰਮਾਤਮਾ ਨੇ ਦੁਨੀਆਂ ਨਹੀਂ ਬਣਾਈ, ਤਾਂ ਤੁਸੀਂ ਉਦੋਂ ਬਾਈਬਲ ਖੋਲ੍ਹੋ ਅਤੇ ਉਤਪੱਤੀ 1 ਅਤੇ 2 (Genesis 1 and 2) ਪੜ੍ਹੋ ਜਿਸ ਨਾਲ ਤੁਸੀਂ ਆਪਣੇ ਆਪ ਨੂੰ ਇਹ ਯਾਦ ਕਰਾ ਸਕੋਂ ਕਿ ਸੱਚਮੁੱਚ 'ਚ ਕੀ ਹੋਇਆ ਸੀ|

3. ਆਪਣੇ ਘਰੋਂ ਤੁਸੀਂ ਬਿਨਾਂ ਵਿਸ਼ਵਾਸ ਤੋਂ ਨਹੀਂ ਤੁਰਦੇ ਇਹ ਪੱਕਾ ਕਰਨ ਲਈ ਤੁਸੀਂ ਕੀ ਕਰਦੇ ਹੋ?

ਬਾਈਬਲ ਕਹਿੰਦੀ ਹੀ ਕਿ ਪ੍ਰਮਾਤਮਾ ਦੇ ਬਚਨ ਸੁਣਕੇ ਹੀ ਵਿਸ਼ਵਾਸ ਆਉਂਦਾ ਹੈ| ਸਾਨੂੰ ਪ੍ਰਮਾਤਮਾ ਦੇ ਬਚਨ ਨੂੰ ਲਗਾਤਰ ਸੁਣਦੇ ਰਹਿਣ ਦੀ ਲੋੜ ਹੈ ਅਤੇ ਤੁਕਾਂ ਯਾਦ ਕਰਨ ਦੀ ਲੋੜ ਹੈ, ਇਸ ਤਰੀਕੇ ਨਾਲ ਅਸੀਂ ਹਮੇਸ਼ਾ ਵਿਸ਼ਵਾਸ ਭਰੀ ਸ਼ੀਲਡ ਫੜ੍ਹੀ ਰੱਖਾਂਗੇ| ਤੇ ਹਾਂ, ਜਦੋਂ ਤੁਸੀਂ ਲੋਕਾਂ ਦੇ ਕਹਿਣੇ ਨੂੰ ਛੱਡ ਕੇ ਪ੍ਰਮਾਤਮਾ ਦੇ ਕਹਿਣੇ 'ਤੇ ਵਿਸ਼ਵਾਸ ਕਰਦੇ ਹੋ, ਤਾਂ ਤੁਸੀਂ ਆਪਣਾ ਵਿਸ਼ਵਾਸ ਦਿਖਾ ਰਹੇ ਹੋ|

4. ਅੱਜ ਦੀ ਬਾਈਬਲ ਦੀ ਕਹਾਣੀ ਅਨੁਸਾਰ ਪੌਲ ਕਿੱਥੇ ਜਾ ਰਿਹਾ ਸੀ ਜਦੋਂ ਉਹ ਜਹਾਜ਼ 'ਤੇ ਸੀ? ਉਸ ਜਹਾਜ਼ 'ਤੇ ਕਿੰਨੇ ਲੋਕ ਸਨ?

(276) ਇਟਲੀ| ਨਕਸ਼ਾ ਦਿਖਾਓ ਅਤੇ ਉਹ ਟਾਊਨ ਤੇ ਬੰਦਰਗਾਹ ਦਿਖਾਓ ਜਿੱਥੇ ਉਹ ਇਸ ਸਫਰ ਦੌਰਾਨ ਗਿਆ| (ਸਿਡਨ, ਪਟਾਰਾ, ਨਾਈਡਸ, ਲਾਸੀਆ, ਕ੍ਰੀਟ, ਕੌੜਾ, ਮਾਲਟਾ)

5. ਪੌਲ ਨੂੰ ਕਿਵੇਂ ਪਤਾ ਚੱਲਿਆ ਕਿ ਜਹਾਜ਼ ਤਾਂ ਪੂਰਾ ਖ਼ਤਮ ਹੋ ਜਾਵੇਗਾ ਪਰ ਕੋਈ ਵੀ ਤੂਫ਼ਾਨ ਨਾਲ ਮਰੇਗਾ ਨਹੀਂ?

ਇੱਕ ਦੇਵਦੂਤ ਉਹਦੇ ਕੋਲ ਆਇਆ ਅਤੇ ਉਹਨੇ ਉਸਨੂੰ ਦੱਸਿਆ| ਐਕਟ 27: 23-25


## ਗੇਮ: ਸ਼ੀਲਡ - ਪਾਠ 7

**ਸਮੱਗਰੀ**

ਮਾਸਕਿੰਗ ਟੇਪ, ਗੱਤੇ ਦਾ ਇੱਕ ਡੱਬਾ, ਅਤੇ ਰੰਗੀਨ ਪੇਪਰ|

**ਤਿਆਰੀ**

ਮਾਸਕਿੰਗ ਨੂੰ ਵਰਤਦੇ ਹੋਏ ਫ਼ਰਸ਼ 'ਤੇ ਇੱਕ ਚੌਰਸ ਬਣਾਓ ਜਿਸਦਾ ਹਰ ਪਾਸਾ ਡੇਢ ਮੀਟਰ ਹੋਵੇ (1.5 ਮੀਟਰ) ਅਤੇ ਡੱਬੇ ਨੂੰ ਵਿਚਕਾਰ ਰੱਖ ਦਿਓਂ|



**ਗੇਮ ਖੇਡਣਾ**

ਆਪਣੇ ਗਰੁੱਪ ਨੂੰ ਚਾਰ ਟੀਮਾਂ 'ਚ ਵੰਡ ਦਿਓ ਅਤੇ ਹਰ ਟੀਮ ਵੱਖ-ਵੱਖ ਰੰਗਾਂ ਦੀਆਂ ਗੇਂਦਾਂ ਬਣਾਵੇਗੀ| ਬੱਚੇ ਵੱਡੇ ਚੌਰਸ ਤੋਂ ਬਾਹਰ ਖੜ੍ਹੇ ਹੋ ਜਾਂਦੇ ਹਨ ਅਤੇ ਗੇਂਦਾਂ ਨੂੰ ਡੱਬੇ ਵਿੱਚ ਪਾਉਣ ਦੀ ਕੋਸ਼ਿਸ਼ ਕਰਦੇ ਹਨ| ਹਰ ਟੀਮ ਦਾ ਇੱਕ ਪ੍ਰਤੀਨਿਧੀ ਵੱਡੇ ਚੌਰਸ ਦੇ ਵਿੱਚ ਖੜ੍ਹਾ ਹੋ ਜਾਂਦਾ ਹੈ ਅਤੇ ਵਿਰੋਧੀ ਟੀਮ ਦੀਆਂ ਕਾਗਜ਼ ਦੀਆਂ ਗੇਂਦਾਂ ਰੋਕਣ ਲਈ ਇਧਰ-ਉਧਰ ਹਿੱਲ ਸਕਦਾ ਹੈ| ਅੰਤ 'ਚ, ਇੱਕ ਵਿਦਿਆਰਥੀ ਗੱਤੇ ਦੇ ਡੱਬੇ 'ਚ ਪਈਆਂ ਦੋਨਾਂ

ਰੰਗਾਂ ਦੀਆਂ ਗੇਂਦਾਂ ਨੂੰ ਵੱਖੋ-ਵੱਖ ਕਰਕੇ ਗਿਣਦਾ ਹੈ। ਜਿਹੜੀ ਟੀਮ ਨੇ ਵੱਧ ਗੇਂਦਾਂ ਇਕੱਠੀਆਂ ਕੀਤੀਆਂ ਹੁੰਦੀਆਂ ਹਨ ਉਹ ਜਿੱਤ ਜਾਂਦਾ ਹੈ।

## ਬੁਝਾਰਤ ਦੇ ਉੱਤਰ - ਪਾਠ 7

| | | | | | | | | | | | |
|---|---|---|---|---|---|---|---|---|---|---|---|
| ਤ | ਦੀ | ਹ | ਦੀ | ਮ | ਜ | ਦ | ਸ਼ੀ | ਪੈਂ | ਗੀ | ਸ | ਤ |
| ਹੀ | ਲਾ | ਦੀ | ਸ | ਅ | ਗੀ | ਜ਼ਿੰ | ਵ | ਲ | ਵ | ਅ | ਹੀ |
| ਸ | ਹੈਂ | ਮੈਂ | ਵ | ਸ | ਮੁੰ | ਦ | ਰ | ਅ | ਡ | ਵ | ਦ |
| ਜ਼ਿੰ | ਦ | ਸ | ਜ | ਹੀ | ਜ਼ਿੰ | ਗੀ | ਜ਼ | ਵ | ਗੀ | ਵ | ਹੀ |
| ਦੀ | ਅ | ਗੀ | ਲਾ | ਸ | ਦ | ਹਾ | ਹੀ | ਰਾ | ਵ | ਬਾ | ਹੀ |
| ਦੇ | ਵ | ਦੂ | ਤ | ਅ | ਜ | ਮੁੰ | ਹੀ | ਜ਼ਿੰ | ਤ | ਵਿ | ਜ |
| ਜ਼ਿੰ | ਨ | ਜ | ਮੁੰ | ਰੀ | ਫ਼ | ਹੀ | ਦ | ਦੀ | ਮੁੰ | ਸ਼ | ਹੀ |
| ਦਿ | ਦ | ਹੀ | ਦ | ਸ | ਹੀ | ਜ਼ਾ | ਜ਼ | ਬ | ਜ | ਵਾ | ਜ |
| ਗੀ | ਅ | ਮੁੰ | ਹੀ | ਜ | ਦੀ | ਹਾ | ਈ | ਮੁੰ | ਚਾ | ਸ | ਗੀ |
| ਤ | ਸ | ਮੁੰ | ਜ਼ਿੰ | ਗੀ | ਜ | ਲ | ਸੈ | ਨਿ | ਕ | ਏ | ਤ |



# ਪਾਠ 8

## ਸਿਰਲੇਖ - ਪਾਠ 8

**ਰੱਖਿਆ ਕਰਨ ਲਈ ਹੈਲਮੇਟ**


## ਬਾਈਬਲ ਦੀ ਕਹਾਣੀ - ਪਾਠ 8

**ਸੌਲ ਦੀ ਧਰਮ-ਬਦਲੀ**

**ਐਕਟ** 9:1-19


## ਬੈਜ (ਇਨਸਿਗਨਿਅਸ) - ਪਾਠ 8

**ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):**






**ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ:**




**ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ।**

**ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ।**

## ਨਾਟਕ - ਪਾਠ 8

**ਗਿਗਲ ਸਿਪਾਹੀ ਆਪਣਾ ਸਾਰਾ ਸਮਾਨ ਪਹਿਨਦੀ ਹੋਈ ਆਉਂਦੀ ਹੈ ਬਸ ਇੱਕ ਹੈਲਮੇਟ ਤੋਂ ਬਿਨਾਂ। ਚਿੰਤਤ ਹੁੰਦੇ ਹੋਏ, ਡੂਟੀ ਸਿਪਾਹੀ ਪੁੱਛਦਾ ਹੈ ਕਿ ਗਿਗਲ ਦਾ ਹੈਲਮੇਟ ਕਿੱਥੇ ਹੈ। ਗਿਗਲ ਕਹਿੰਦੀ ਹੈ ਕਿ ਉਸਦੇ ਕੋਲ ਇਨਾ ਸਮਾਨ ਹੈ, ਉਹ ਕਾਫ਼ੀ ਸੁਰੱਖਿਅਤ ਹੈ ਅਤੇ ਉਸਨੂੰ ਕੋਈ ਹੈਲਮੇਟ ਦੀ ਲੋੜ ਨਹੀਂ। ਟਰੇਨਿੰਗ ਵੇਲੇ, ਉਹਦੇ ਸਿਰ 'ਤੇ ਝਟਕੇ ਲੱਗਦੇ ਰਹਿੰਦੇ ਹਨ। ਸਰਜੈਂਟ ਅੱਪਰਾਈਟ ਅਫਸਰ ਉਸਨੂੰ ਚੇਤੇ ਕਰਾਉਂਦਾ ਹੈ ਕਿ ਬਾਕੀ ਸਮਾਨ ਨਾਲ ਹੀ ਨਹੀਂ ਸਰਦਾ - ਸਗੋਂ ਉਸਨੂੰ ਇੱਕ ਹੈਲਮੇਟ ਦੀ ਵੀ ਲੋੜ ਹੈ!**

## ਯਾਦਦਾਸ਼ਤ ਤੁਕ - ਪਾਠ 8

**"ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ" ਅਫ਼ਸੀਆਂ ਨੂੰ** 6:17

## ਮੁੱਖ ਪਾਠ - ਪਾਠ 8

**ਐਕਟ 9:1-19**

ਇਹ ਬਹੁਤ ਹੀ ਜਰੂਰੀ ਹੈ ਕਿ ਆਪਾਂ ਆਪਣਾ ਰੱਖਿਆ ਦਾ ਹੈਲਮੇਟ ਪਹਿਨੀਏ ਕਿਉਂਕਿ ਜੇ ਆਪਾਂ ਨੂੰ ਕੋਈ ਸਿਰ 'ਤੇ ਝਟਕਾ ਲੱਗ ਗਿਆ ਤਾਂ ਇਹ ਬਹੁਤ ਹੀ ਜਾਨਲੇਵਾ ਹੋ ਸਕਦਾ ਹੈ। ਅਸੀਂ ਇਹ ਕਿਵੇਂ ਪੱਕਾ ਮੰਨੀਏ ਕਿ ਸਾਡੇ ਹੈਲਮੇਟ ਪਹਿਨਿਆ ਹੋਇਆ ਹੈ? ਬਾਈਬਲ ਇਹ ਸਾਫ ਗੱਲ ਸਾਫ ਦੱਸਦੀ ਹੈ ਕਿ ਸਾਡੀ ਰੱਖਿਆ ਦਾ ਸਿੱਧਾ-ਸਿੱਧਾ ਸੰਬੰਧ ਈਸਾ ਮਸੀਹ ਦੇ ਪੂਰੇ ਕੀਤੇ ਕੰਮ 'ਤੇ ਹੈ ਜੋ ਉਹਨਾਂ ਨੇ ਕਰੌਸ ਉੱਪਰ ਕੀਤਾ ਸੀ। ਜਦੋਂ ਉਹ ਸਾਡੇ ਪਾਪਾਂ ਲਈ ਮਰੇ, ਤਾਂ ਉਹਨਾਂ ਨੇ ਕੀਮਤ ਅਦਾ ਕੀਤੀ ਅਤੇ ਸਾਡੀ ਰੱਖਿਆ ਖਰੀਦੀ! ਅਸੀਂ ਚੰਗੇ ਕਰਮ ਕਰਕੇ ਸਵਰਗ ਨਹੀਂ ਨਸੀਬ ਕਰ ਸਕਦੇ, ਸਗੋਂ ਸਿਰਫ ਈਸਾ ਮਸੀਹ 'ਤੇ ਵਿਸ਼ਵਾਸ ਕਰਕੇ ਹੀ, ਅਸੀਂ ਬਚ ਸਕਦੇ ਹਾਂ। ਆਪਣੇ ਰੱਖਿਆ ਦੇ ਹੈਲਮੇਟ ਪਾਉਣ ਲਈ ਸਾਨੂੰ ਰੋਜ਼ਾਨਾ ਰਸਮੀ ਪ੍ਰਾਰਥਨਾ ਕਰਨ ਦੀ ਲੋੜ ਨਹੀਂ। ਜੇਕਰ ਆਪਣੀ ਰੱਖਿਆ ਲਈ ਅਸੀਂ ਪ੍ਰਮਾਤਮਾ ਈਸਾ ਮਸੀਹ 'ਤੇ ਵਿਸ਼ਵਾਸ ਕੀਤਾ ਹੈ, ਤਾਂ ਅਸੀਂ ਹੈਲਮੇਟ ਪਹਿਨੇ ਹੋਏ ਹਾਂ!
ਐਕਟਸ ਦੀ ਕਿਤਾਬ ਵਿੱਚ ਅੱਜ ਦੀ ਬਾਈਬਲ ਕਹਾਣੀ ਅਨੁਸਾਰ ਪ੍ਰਮਾਤਮਾ ਸੌਲ ਦੇ ਸਾਹਮਣੇ ਇੱਕ ਚਮਤਕਾਰੀ ਢੰਗ ਨਾਲ ਪੇਸ਼ ਹੋਏ। ਸੌਲ, ਜੋ ਬਾਅਦ 'ਚ ਪੌਲ ਬਣ ਜਾਂਦਾ ਹੈ, ਈਸਾਈਆਂ ਦਾ ਮਜ਼ਾਕ ਬਣਾ ਰਿਹਾ ਸੀ ਅਤੇ ਉਹਨਾਂ ਨੂੰ ਬਹੁਤ ਹੀ ਸਤਾ ਰਿਹਾ ਸੀ। ਇੱਕ ਦਿਨ ਡਮੈਸਕਸ ਜਾਂਦੇ ਹੋਏ, ਸੌਲ ਦੇ ਅੱਗੇ ਸਵਰਗ ਤੋਂ ਅਚਾਨਕ ਹੀ ਇੱਕ ਰੌਸ਼ਨੀ ਆਈ ਤੇ ਈਸਾ ਮਸੀਹ ਪ੍ਰਕਟ ਹੋਏ ਅਤੇ ਸੌਲ ਅੰਨ੍ਹੇ-ਵਾਹ ਧਰਤੀ 'ਤੇ ਡਿੱਗ ਗਿਆ। ਤਿੰਨ ਦਿਨਾਂ ਬਾਅਦ, ਪ੍ਰਮਾਤਮਾ ਨੇ ਉਸਨੂੰ ਠੀਕ ਕਰਨ ਲਈ ਅਤੇ ਮਸੀਹ 'ਚ ਲੈ ਜਾਣ ਲਈ ਇੱਕ ਈਸਾਈ ਭੇਜਿਆ। ਉਸ ਹਫਤੇ ਸੌਲ ਨੇ ਈਸਾ ਮਸੀਹ 'ਤੇ ਵਿਸ਼ਵਾਸ ਕੀਤਾ ਤੇ ਬਚ ਗਿਆ! ਤੁਸੀਂ ਅੱਜ ਆਪਣੀ ਰੱਖਿਆ ਦਾ ਹੈਲਮੇਟ ਉਸੇ ਤਰ੍ਹਾਂ ਪਹਿਨ ਸਕਦੇ ਹੋ, ਜਿਸ ਤਰ੍ਹਾਂ ਕਿ ਪੌਲ ਨੇ ਪਹਿਨਿਆ, ਜੇਕਰ ਤੁਸੀਂ ਆਪਣੀ ਰੱਖਿਆ ਲਈ ਪ੍ਰਮਾਤਮਾ ਈਸਾ ਮਸੀਹ 'ਤੇ ਵਿਸ਼ਵਾਸ ਕਰੋਂ।
ਮੇਰੇ ਨਾਲ ਪ੍ਰਾਰਥਨਾ ਕਰੋ, "ਪਿਆਰੇ ਈਸਾ ਮਸੀਹ, ਅੱਜ ਮੈਂ ਮੰਨਦਾ ਹਾਂ ਕਿ ਮੈਂ ਪਾਪੀ ਹਾਂ ਅਤੇ ਗ਼ਲਤੀ ਕੀਤੀ ਹੈ। ਮੈਂ ਮੰਨਦਾ ਹਾਂ ਕਿ ਤੁਸੀਂ ਮੇਰੇ ਪਾਪਾਂ ਦੀ ਖਾਤਿਰ ਕਰੌਸ ਦੇ ਉੱਪਰ ਕੁਰਬਾਨ ਹੋਏ ਅਤੇ ਤੁਸੀਂ ਅਸਲ 'ਚ ਵਸਦੇ ਹੋਂ। ਮੈਂ ਤੁਹਾਨੂੰ ਅੱਜ ਆਪਣੇ ਪਰਮੇਸ਼ੁਰ ਅਤੇ ਰੱਖਿਅਕ ਦੇ ਰੂਪ 'ਚ ਆਪਣੇ ਦਿਲ 'ਚ ਵਸਾਉਂਦਾ ਹਾਂ। ਮੈਨੂੰ ਸਵੀਕਾਰ ਕਰਨ ਲਈ, ਪਿਆਰ ਕਾਰਨ ਲਈ, ਅਤੇ ਸਵਰਗ 'ਚ ਆਪਣੇ ਨਾਲ ਇੱਕ ਅਨੰਤ ਜੀਵਨ ਦੇਣ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ!"

## ਬੂਟ ਕੈਂਪ - ਪਾਠ 8

**ਅਸਾਈਨਮੈਂਟ - ਪਾਠ 8**



ਆਪਣੀ ਬਾਈਬਲ ਦੇ ਪਹਿਲੇ ਪੇਜ 'ਤੇ ਲਿਖੋ ਕਿ ਤੁਸੀਂ ਰੱਖਿਆ ਲਈ ਕਦੋਂ ਤੇ ਕਿੱਥੇ ਪ੍ਰਾਰਥਨਾ ਕੀਤੀ। ਜੇਕਰ ਤੁਹਾਨੂੰ ਯਾਦ ਨਹੀਂ ਆ ਰਿਹਾ, ਤਾਂ ਤੁਸੀਂ ਇਸਨੂੰ ਹੁਣੇ ਕਰ ਸਕਦੇ ਹੋ! ਇੱਕ ਖਾਸ ਥਾਂ 'ਤੇ ਜਾਓ (ਆਪਣੇ ਬੈੱਡਰੂਮ 'ਚ, ਘਰ ਦੇ ਪਿੱਛੇ ਜਾਂ ਚਰਚ 'ਚ) ਅਤੇ ਪ੍ਰਮਾਤਮਾ ਨੂੰ ਕਹੋ ਕਿ ਉਹ ਤੁਹਾਨੂੰ ਮਾਫ਼ ਕਰ ਦੇਣ। ਤੁਹਾਡੇ ਪਾਪਾਂ ਦਾ ਭੁਗਤਾਨ ਕਰਨ ਲਈ ਈਸਾ ਮਸੀਹ ਨੇ ਜੋ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਉਸ ਲਈ ਧੰਨਵਾਦ ਕਰੋ, ਅਤੇ ਉਹਨਾਂ ਨੂੰ ਕਹੋ ਕਿ ਉਹ ਤੁਹਾਡੇ ਪਰਮੇਸ਼ੁਰ ਤੇ ਮਾਲਿਕ ਬਣ ਜਾਣ। ਉਹਨਾਂ ਨੂੰ ਦੱਸੋ ਕਿ ਤੁਸੀਂ ਉਹਨਾਂ ਲਈ ਜਿਉਣਾ ਚਾਹੁੰਦੇ ਹੋ। ਆਪਣੀ ਬਾਈਬਲ ਦੇ ਪਹਿਲੇ ਪੇਜ ਤੇ ਜਾਂ ਆਪਣੀ ਸਟੂਡੈਂਟ ਬੁੱਕ 'ਤੇ ਸਮਾਂ ਤੇ ਜਗ੍ਹਾ ਲਿਖੋ।

**ਹੋਮਵਰਕ (ਵੱਡੇ ਵਿਦਅ ਾਰਥੀ) - ਪਾਠ 8**

23 ਤੋਂ 25 ਐਕਟ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 8

**"ਮੈਂ ਆਪਣੀ ਰੱਖਿਆ ਲਈ ਪ੍ਰਮਾਤਮਾ ਈਸਾ ਮਸੀਹ 'ਤੇ ਵਿਸ਼ਵਾਸ ਕਰਾਂਗਾ।"**

## ਪ੍ਰਸ਼ਨ ਅਤੇ ਉੱਤਰ - ਪਾਠ 8

1. ਕੀ ਤੁਹਾਨੂੰ ਪੂਰਾ ਵਿਸ਼ਵਾਸ ਹੈ ਕਿ ਤੁਹਾਡੀ ਰੱਖਿਆ ਪੱਕੀ ਹੈ?

ਹਰ ਵਿਦਿਆਰਥੀ ਨੂੰ ਇਸ ਪ੍ਰਸ਼ਨ ਦਾ ਉੱਤਰ ਦੇਣਾ ਚਾਹੀਦਾ ਹੈ ਅਤੇ ਇੱਕ ਕਾਰਨ ਵੀ ਚਾਹੀਦਾ ਹੈ ਕਿ ਕਿਉਂ। ਗੱਲ ਹੈ ਉਹਨਾਂ ਨੂੰ ਵਿਸ਼ਵਾਸ ਦਵਾਉਣ ਦੀ ਕਿ ਜੇਕਰ ਉਹਨਾਂ ਨੇ ਆਪਣਾ ਦਿਲ ਈਸਾ ਮਸੀਹ ਲਈ ਖੋਲ੍ਹ ਲਿਆ ਅਤੇ ਉਸਨੂੰ ਆਪਣੇ ਰੱਖਿਅਕ ਦੇ ਤੌਰ 'ਤੇ ਸਵੀਕਾਰ ਕਰ ਲਿਆ, ਤਾਂ ਉਹਨਾਂ ਦੀ ਰੱਖਿਆ ਪੱਕੀ ਹੈ।

2. ਤੁਹਾਨੂੰ ਕੀ ਲੱਗਦਾ ਹੈ ਕਿ ਤੁਸੀਂ ਆਪਣੀ ਰੱਖਿਆ ਗੁਆ ਸਕਦੇ ਹੋ?

ਇਸ ਗੱਲ ਉੱਪਰ ਕਈ ਵਿਚਾਰ ਸੁਣਨ ਨੂੰ ਮਿਲਦੇ ਹਨ, ਕਈ ਤਾਂ ਕਹਿੰਦੇ ਹਨ ਹਾਂ, ਉਹ ਆਪਣੀ ਰੱਖਿਆ ਗੁਆ ਸਕਦੇ ਹਨ ਤੇ ਦੂਜੇ ਸੋਚਦੇ ਹਨ ਕਿ ਨਹੀਂ ਉਹ ਨਹੀਂ ਗੁਆ ਸਕਦੇ। ਗੱਲ ਇਹ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਵਿਦਿਆਰਥੀ ਆਪਣੇ ਉੱਤਰਾਂ ਨੂੰ ਲੈਕੇ ਵਿਚਾਰ-ਵਟਾਂਦਰਾ ਕਰਨ।

3. ਜਦੋਂ ਸੌਲ ਘੋੜੇ 'ਤੇ ਸਵਾਰ ਹੋਕੇ ਡਮੈਸਕਸ ਟਾਊਨ ਗਿਆ ਤਾਂ ਉਸਨੂੰ ਕੀ ਹੋਇਆ?

ਸਵਰਗ 'ਚੋਂ ਇੱਕ ਚਮਕਦਾਰ ਰੌਸ਼ਨੀ ਆਈ ਅਤੇ ਉਹ ਅੰਨ੍ਹੇ-ਵਾਹ ਧਰਤੀ 'ਤੇ ਡਿੱਗ ਗਿਆ। ਪ੍ਰਮਾਤਮਾ ਨੇ ਸਿੱਧਾ ਉਸ ਨਾਲ ਗੱਲ ਕੀਤੀ। (ਐਕਟ 9)

4. ਪ੍ਰਮਾਤਮਾ ਨੇ ਡਮੈਸਕਸ ਦੇ ਐਨਾਨਾਇਸ ਨੂੰ ਕੀ ਦੱਸਿਆ?

ਪ੍ਰਮਾਤਮਾ ਨੇ ਉਸਨੂੰ ਕਿਹਾ ਕਿ ਉਹ ਜਾਵੇ ਤੇ ਸੌਲ ਲਈ ਪ੍ਰਾਰਥਨਾ ਕਰੇ। ਉਸਨੇ ਉਸਨੂੰ ਦੱਸਿਆ ਕਿ ਸੌਲ ਨੂੰ ਠੀਕ ਹੋਣ ਦੀ ਲੋੜ ਹੈ ਅਤੇ ਸੌਲ ਜਿਹੜੇ ਘਰ ਵਿੱਚ ਰਹਿ ਰਿਹਾ ਸੀ ਉਹਦਾ ਪਤਾ ਵੀ ਦੱਸਿਆ।

5. ਐਨਾਨਾਇਸ ਨੇ ਪ੍ਰਮਾਤਮਾ ਨੂੰ ਕੀ ਦੱਸਿਆ? ਕੀ ਹੁੰਦਾ ਹੈ ਜਦੋਂ ਆਪਾਂ ਪ੍ਰਮਾਤਮਾ ਨੂੰ ਸ਼ਿਕਾਇਤ ਕਰਦੇ ਹਾਂ?

ਐਨਾਨਾਇਸ ਨੇ ਕਿਹਾ, "ਮੈਂ ਸੁਣਿਆ ਹੈ ਕਿ ਸੌਲ ਨੇ ਈਸਾਈਆਂ 'ਤੇ ਜ਼ੁਲਮ ਕੀਤੇ ਹਨ। ਇਸ ਟਾਊਨ 'ਚ ਵੀ ਉਸਦੇ ਕੋਲ ਸਾਨੂੰ ਜੇਲ 'ਚ ਸੁੱਟਣ ਦਾ ਅਧਿਕਾਰ ਹੈ।" ਪ੍ਰਮਾਤਮਾ ਨੇ ਐਨਾਨਾਇਸ ਨਾਲ ਸਬਰ ਰੱਖਿਆ।

## ਗੇਮ: ਪਲੈਨ - ਪਾਠ 8

### ਗੇਮ ਖੇਡਣਾ



ਇੱਕ ਵਿਦਿਆਰਥੀ ਨੂੰ ਐਲਾਨਕਰਤਾ ਚੁਣੋ। ਗੇਮ ਸ਼ੁਰੂ ਕਰਨ ਲਈ, ਵਿਦਿਆਰਥੀ ਕਮਰੇ ਦੇ ਆਲੇ-ਦੁਆਲੇ ਤੁਰਨਾ ਸ਼ੁਰੂ ਕਰ ਦਿੰਦੇ ਹਨ। ਜਦੋਂ ਐਲਾਨਕਰਤਾ ਕਹਿੰਦਾ ਹੈ, " ਉੱਥੇ ਰੱਖਿਆ ਹੈ!" ਵਿਦਿਆਰਥੀ ਤੁਰਨਾ ਬੰਦ ਕਰ ਦਿੰਦੇ ਹਨ, ਤੇ ਉਹ ਜਿੱਥੇ ਵੀ ਹੁੰਦੇ ਹਨ, ਇੱਕ ਵਾਰ ਘੁੰਮਦੇ ਹਨ, ਅਤੇ ਜਿੰਨੀ ਛੇਤੀ ਹੋ ਸਕੇ ਉਹ ਬੈਠ ਜਾਂਦੇ ਹਨ। ਜਿਹੜਾ ਵਿਦਿਆਰਥੀ ਪਹਿਲਾਂ ਬੈਠ ਜਾਂਦਾ ਹੈ ਉਸਨੂੰ ਈਸਾ ਮਸੀਹ ਬਾਰੇ ਕੁਝ ਕਹਿਣਾ ਪੈਂਦਾ ਹੈ ਅਤੇ ਫਿਰ ਉਸਦੀ ਵਾਰੀ ਆਉਂਦੀ ਹੈ ਐਲਾਨਕਰਤਾ ਬਣ ਜਾਣ ਦੀ। (ਜੇਕਰ ਜਿੱਤਣ ਵਾਲਾ ਵਿਦਿਆਰਥੀ ਪਹਿਲਾਂ ਤੋਂ ਹੀ ਐਲਾਨਕਰਤਾ ਬਣ ਚੁੱਕਿਆ ਹੈ, ਤਾਂ ਉਸਨੂੰ ਕਹੋ ਕਿ ਆਪਣੀ ਮਰਜ਼ੀ ਨਾਲ ਕਿਸੇ ਵੀ ਅਜਿਹੇ ਵਿਦਿਆਰਥੀ ਨੂੰ ਚੁਣੇ ਜੋ ਪਹਿਲਾਂ ਐਲਾਨਕਰਤਾ ਨਾ ਬਣਿਆ ਹੋਵੇ)

### ਔਪਸ਼ਨ


1. ਹਰ ਵਾਰੀ ਜਦੋਂ ਤੁਸੀਂ ਖੇਡਦੇ ਹੋ, ਵਿਦਿਆਰਥੀਆਂ ਨੂੰ ਦਿੱਤੇ ਗਏ ਨਿਰਦੇਸ਼ ਤੁਸੀਂ ਬਦਲ ਸਕਦੇ ਹੋ। (ਉਦਾਹਰਣ ਦੇ ਤੌਰ 'ਤੇ, 2 ਵਾਰੀ ਘੁੰਮਦੇ ਹੋਏ ਅਤੇ ਬਹਿੰਦੇ ਹੋਏ ਸਿਰ 'ਤੇ ਆਪਣਾ ਹੱਥ ਰੱਖੋ, ਇੱਕ ਪੈਰ 'ਤੇ ਦੋ ਵਾਰ ਉੱਛਲੋ, ਨੇੜਲੀ ਕੰਧ ਤੱਕ ਭੱਜਕੇ ਜਾਓ, ਆਦਿ।)


2. ਜੇਕਰ ਇਹ ਦੇਖਣਾ ਬਹੁਤ ਔਖਾ ਹੋ ਜਾਂਦਾ ਹੈ ਕਿ ਕਿਹੜਾ ਬੱਚਾ ਜਿੱਤਿਆ ਹੈ, ਤਾਂ ਐਲਾਨਕਰਤਾ ਚੁਣਨ ਲਈ ਬਾਕੀ ਜਾਣਕਾਰੀ ਵਰਤੀ ਜਾ ਸਕਦੀ ਹੈ - ਨੀਲੇ ਕੱਪੜੇ ਪਹਿਨਿਆ ਹੋਇਆ ਵਿਦਿਆਰਥੀ, ਸਭ ਤੋਂ ਛੋਟਾ ਵਿਦਿਆਰਥੀ, ਉਹ ਵਿਦਿਆਰਥੀ ਜਿਸਦੇ ਪਰਿਵਾਰ ਦਾ ਨਾਂ ਸਭ ਤੋਂ ਲੰਮਾ ਹੋਵੇ, ਆਦਿ।

3. ਐਲਾਨਕਰਤਾ ਚੀਕ ਸਕਦਾ ਹੈ, "ਉੱਥੇ ਰੱਖਿਆ ਹੈ" ਨਾਲ ਹੀ ਤਾੜੀ, ਜਾਂ ਸੀਟੀ ਵਜਾਉਂਦਾ ਹੈ, ਜਾਂ ਤੁਸੀਂ ਸੰਗੀਤ ਚਲਾ ਸਕਦੇ ਹੋ ਜਾਂ ਇਸਨੂੰ ਰੋਕ ਸਕਦੇ ਹੋ।

## ਬੁਝਾਰਤ ਦੇ ਉੱਤਰ - ਪਾਠ 8

1 ਤੋਂ 55 ਤੱਕ ਬਿੰਦੂ ਮਿਲਾਓ।



| | | | | | | | | | |
|---|---|---|---|---|---|---|---|---|---|
| ਚੁ | ਧ | ਰੱ | ਅਂ | ਆ | ਆ | ਖਿ | ਰੱ | ਹ | ਰੱ |
| ਏ | ਡ | ਰ | ਨ੍ਹਾ | ਤਾ | ਕ | ਤ | ਸੀ | ਆ | ਸ |
| ਹੇ | ਮੈ | ਆ | ਮ | ਆ | ਐ | ਮ | ਮਾ | ਇ | ਵ |
| ਏ | ਸ | ਐ | ਅੱ | ਦੇ | ਸਾ | ਇ | ਨਾ | ਇ | ਰ |
| ਖਿ | ਕ | ਰੱ | ਇ | ਈ | ਪ੍ਰ | ਨਾ | ਅੱ | ਖਾਂ | ਗ |
| ਏ | ਸ | ਪੁ | ਜਾ | ਰੀ | ਐ | ਚਾ | ਇ | ਸੋ | ਲ |
| ਖਿ | ਐ | ਆ | ਖਿ | ਏ | ਖਿ | ਈ | ਰ | ਥ | ਖਿ |
| ਰੱ | ਅੱ | ਐ | ਏ | ਆ | ਰੱ | ਈ | ਹੱ | ਕ | ਰੱ |

# ਪਾਠ 9

## ਸਿਰਲੇਖ - ਪਾਠ 9

ਰੂਹਾਨੀ ਤਲਵਾਰ


## ਬਾਈਬਲ ਦੀ ਕਹਾਣੀ - ਪਾਠ 9

ਪੀਟਰ ਭੀੜ ਨਾਲ ਗੱਲ ਕਰਦਾ ਹੈ


ਐਕਟ 2:12-17, 22-30, 34-41

## ਬੈਜ (ਇਨਸਿਗਨਿਅਸ) - ਪਾਠ 9

ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):



ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ:



ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ।

ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ।

## ਨਾਟਕ - ਪਾਠ 9

ਡੂਟੀ ਕਿਸੇ ਨਿਜੀ ਸੰਘਰਸ਼ ਬਾਰੇ ਗਿਗਲ ਨੂੰ ਦੱਸਦਾ ਹੈ, ਜੋ ਉਸਨੂੰ ਅੱਗੋਂ ਸਲਾਹ ਦਿੰਦੀ ਹੈ। ਡੂਟੀ ਗਿਗਲ ਨੂੰ ਪੁੱਛਦਾ ਹੈ ਕਿ ਉਸਨੂੰ ਇਹ ਆਈਡਿਆ ਕਿੱਥੋਂ ਮਿਲਿਆ। ਗਿਗਲ ਆਪਣਾ ਮੋਬਾਈਲ ਕੱਢਦਾ ਹੈ, ਇਹ ਕਹਿੰਦੇ ਹੋਏ ਕਿ ਇਹ ਸੋਸ਼ਲ ਮੀਡੀਆ ਤੋਂ ਆਇਆ ਹੈ। ਉਦੋਂ ਹੀ, ਸਰਜੈਂਟ ਅੱਪਰਾਈਟ ਅਫਸਰ ਆਉਂਦਾ ਹੈ ਅਤੇ ਉਹਨਾਂ ਨੂੰ ਧਿਆਨ 'ਚ ਲਿਆਉਂਦਾ ਹੈ, ਇਹ ਦੱਸਦੇ ਹੋਏ ਕਿ ਬਾਈਬਲ ਤੇ ਵਿਸ਼ਵਾਸ ਕਰਨ ਅਤੇ ਨਾ ਕਿ ਸੋਸ਼ਲ ਮੀਡੀਆ 'ਤੇ। ਡੂਟੀ ਤੇ ਗਿਗਲ ਦੋਨੋਂ ਸਿਪਾਹੀ ਬਾਈਬਲ ਪੜ੍ਹਨਾ ਸ਼ੁਰੂ ਕਰ ਦਿੰਦੇ ਹਨ, ਹਰੇਕ ਨੂੰ ਇਸਤੋਂ ਇੱਕ ਤਲਵਾਰ ਮਿਲਦੀ ਹੈ!

## ਯਾਦਦਾਸ਼ਤ ਤੁਕ - ਪਾਠ 9

"ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ" ਅਫ਼ਸੀਆਂ ਨੂੰ 6:17

## ਮੁੱਖ ਪਾਠ - ਪਾਠ 9

ਐਕਟ **2:12-17, 22-30, 34-41**

ਰੂਹਾਨੀ ਤਲਵਾਰ ਕਵਚ ਦਾ ਪਹਿਲਾ ਹਿੱਸਾ ਹੈ ਜੋ ਅਸਲ 'ਚ ਇੱਕ ਹਥਿਆਰ ਹੈ, ਨਾ ਕਿ ਇੱਕ ਰੱਖਿਆ ਕਰਨ ਵਾਲੀ ਚੀਜ਼। ਇਸਦਾ ਮਤਲਬ ਇਹ ਹੈ ਕਿ ਇਸਦੇ ਨਾਲ ਅਸੀਂ ਦੁਸ਼ਮਣ ਖਿਲਾਫ ਗੁੱਸਾ ਦਿਖਾ ਸਕਦੇ ਹਾਂ। "ਰੂਹਾਨੀ ਤਲਵਾਰ" ਬਾਈਬਲ ਹੈ, ਜਾਂ ਪ੍ਰਮਾਤਮਾ ਦਾ ਬਚਨ ਹੈ। ਲੜਾਈ 'ਚ ਤੁਹਾਡੀ ਤਲਵਾਰ ਵਰਤਣ ਲਈ, ਤੁਹਾਨੂੰ ਸ਼ਾਸਤਰ ਨੂੰ ਜਾਣਨਾ ਪਵੇਗਾ। ਇਸਦਾ ਮਤਲਬ ਹੈ ਪੂਰੀ ਬਾਈਬਲ ਨੂੰ ਵਾਰ-ਵਾਰ ਪੜ੍ਹਨਾ ਅਤੇ ਬਾਈਬਲ ਦੀਆਂ ਤੁਕਾਂ ਵੀ ਯਾਦ ਕਰਨਾ।

ਐਕਟਸ ਦੀ ਕਿਤਾਬ ਵਿੱਚ ਅੱਜ ਦੀ ਸੱਚੀ ਕਹਾਣੀ ਅਨੁਸਾਰ ਪੀਟਰ ਭੀੜ 'ਚ ਪ੍ਰਚਾਰ ਕਰਨ ਲਈ ਸ਼ਾਸ਼ਤਰ ਵਰਤਦਾ ਹੈ। ਉੱਥੇ ਅਜਿਹੇ ਲੋਕ ਵੀ ਸਨ ਜਿਨ੍ਹਾਂ ਨੇ ਪ੍ਰਮਾਤਮਾ 'ਤੇ ਵਿਸ਼ਵਾਸ ਨਹੀਂ ਕੀਤਾ ਅਤੇ ਉਹਨਾਂ ਨੇ ਉਸਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਨੇ ਮਜ਼ਾਕ ਉਡਾਇਆ, ਪੀਟਰ ਉਹਨਾਂ ਨਾਲ ਗੱਲ ਕਰਨ ਲਈ ਖੜ੍ਹਾ ਹੋਇਆ; ਉਸਨੇ ਉਹਨਾਂ ਨੂੰ ਧਰਮ ਦੀ ਸਿੱਖਿਆ ਹੀ ਨਹੀਂ ਦਿੱਤੀ, ਸਗੋਂ ਲੜਾਈ ਲੜਨ ਲਈ ਸ਼ਾਸਤਰ ਦੀ ਵਰਤੋਂ ਵੀ ਕੀਤੀ। ਜਦੋਂ ਸਾਡੇ ਸ਼ਾਸਤਰ ਯਾਦ ਹੁੰਦਾ ਹੈ, ਤਾਂ ਅਸੀਂ ਜ਼ਿੰਦਗੀ 'ਚ ਲੋੜ ਪੈਣ 'ਤੇ ਇਸਦੀ ਵਰਤੋਂ ਕਰ ਸਕਦੇ ਹੋ। ਉਸ ਦਿਨ ਤਿੰਨ ਹਜ਼ਾਰ ਲੋਕ ਬਚਾਏ ਗਏ ਅਤੇ ਉਹ ਚਰਚ 'ਚ ਸ਼ਾਮਿਲ ਹੋਏ ਕਿਉਂਕਿ ਪੀਟਰ ਨੇ ਪ੍ਰਮਾਤਮਾ ਦੇ ਬਚਨ ਦਾ ਪ੍ਰਚਾਰ ਕੀਤਾ ਸੀ! ਕਿੰਨਾ ਵੱਡਾ ਆਸ਼ੀਰਵਾਦ ਹੈ! ਪੀਟਰ ਨੇ ਕੁਸ਼ਲਤਾ ਨਾਲ ਆਪਣੀ ਤਲਵਾਰ ਦੀ ਵਰਤੋਂ ਕੀਤੀ ਕਿਉਂਕਿ ਉਸਨੂੰ ਆਪਣੀ ਉਸ ਸਥਿਤੀ ਲਈ ਬਿਲਕੁਲ ਪ੍ਰਫੈਕਟ ਸ਼ਾਸਤਰ ਯਾਦ ਸੀ। ਉਹ ਕੁਸ਼ਲਤਾ ਨਾਲ ਦੁਸ਼ਮਣ ਨਾਲ ਲੜਿਆ ਅਤੇ ਪ੍ਰਮਾਤਮਾ ਦੀ ਝੋਲੀ 'ਚ 3000 ਲੋਕ ਜਿੱਤਕੇ ਪਾ ਦਿੱਤੇ! ਜਿੰਨੀਆਂ ਜਿਆਦਾ ਬਾਈਬਲ ਦੀਆਂ ਤੁਕਾਂ ਤੁਹਾਨੂੰ ਯਾਦ ਹੋਣਗੀਆਂ, ਤਲਵਾਰ ਨੂੰ ਵੀ ਤੁਸੀਂ ਉਨਾ ਵਧੀਆ ਹੀ ਸੰਭਾਲ ਪਾਓਗੇ। ਜਦੋਂ ਅਸੀਂ ਸ਼ਬਦ ਪੜ੍ਹ ਲਿਆ ਅਤੇ ਇਸਨੂੰ ਯਾਦ ਕਰ ਲਿਆ, ਤਾਂ ਜਦੋਂ ਵੀ ਸਾਨੂੰ ਇਸਦੀ ਲੋੜ ਪਵੇਗੀ ਤਾਂ ਪ੍ਰਮਾਤਮਾ ਸਾਨੂੰ ਇਹ ਸ਼ਬਦ ਯਾਦ ਕਰਾ ਦੇਵੇਗਾ। ਕਿਵੇਂ ਹੋ ਆਪਣੀ ਤਲਵਾਰ ਦੇ ਨਾਲ?

## ਬੂਟ ਕੈਂਪ - ਪਾਠ 9

**ਅਸਾਈਨਮੈਂਟ - ਪਾਠ 9**



ਬਾਈਬਲ ਦੀ ਤੁਕ ਯਾਦ ਕਰੋ ਜੋ ਅਜਿਹੀ ਲੜਾਈ ਨਾਲ ਮੇਲ ਖਾਂਦੀ ਹੋਵੇ ਜੋ ਤੁਸੀਂ ਰੋਜ਼ਾਨਾ ਲੜ ਰਹੇ ਹੋ ਅਤੇ ਅਗਲੇ ਹਫਤੇ ਆਪਣੇ ਅਧਿਆਪਕ ਨੂੰ ਇਸ ਬਾਰੇ ਦੱਸੋ। ਆਪਣੇ ਆਪ ਨੂੰ ਲੈਕੇ, ਆਪਣੀ ਸੰਪੱਤੀ ਨੂੰ ਲੈਕੇ, ਜਿਆਦਾ ਪਾਉਣ ਦੀ ਇੱਛਾ ਨੂੰ ਲੈਕੇ, ਰੂਹਾਨੀ ਸੁਰੱਖਿਆ ਨੂੰ ਲੈਕੇ, ਜਾਂ ਆਪਣੇ ਭਵਿੱਖ ਨੂੰ ਲੈਕੇ ਤੁਹਾਡੇ ਕਈ ਡਰ ਹੋ ਸਕਦੇ ਹਨ।

**ਹੋਮਵਰਕ (ਵੱਡੇ ਵਿਦਿਆਰਥੀ) - ਪਾਠ 9**

26 ਤੋਂ 28 ਐਕਟ ਪੜ੍ਹੋ

## ਪਾਵਰਪੁਆਇੰਟ / ਫੈਸਲਾ - ਪਾਠ 9

"ਮੈਂ ਪ੍ਰਮਾਤਮਾ ਦੇ ਬਚਨ ਨੂੰ ਸਮਝਾਂਗਾ ਅਤੇ ਆਪਣੀ ਰੋਜ਼ਾਨਾ ਦੀ ਜ਼ਿੰਦਗੀ 'ਚ ਅਪਨਾਂਵਾਂਗਾ।"

## ਪ੍ਰਸ਼ਨ ਅਤੇ ਉੱਤਰ - ਪਾਠ 9

1. ਤੁਸੀਂ ਦੁਸ਼ਮਣ ਖਿਲਾਫ ਕਦੋਂ ਗੁੱਸੇ ਹੋ ਸਕਦੇ ਹੋ?

ਦੂਜਿਆਂ ਦੀ ਰੱਖਿਆ ਲਈ ਪ੍ਰਾਰਥਨਾ ਕਰਨਾ, ਬਾਈਬਲ ਦੇ ਵਾਅਦਿਆਂ ਦਾ ਐਲਾਨ ਕਰਨਾ, ਪ੍ਰਮਾਤਮਾ ਨੂੰ ਸਲਾਹੁਣਾ, ਆਦਿ।

2. ਅਸਲੀ ਜ਼ਿੰਦਗੀ 'ਚ ਆਪਣੀ ਤਲਵਾਰ ਨਾਲ ਵਾਰ ਕਰਨ ਦੀ ਕਿਹੜੀ ਇੱਕ ਉਦਾਹਰਣ ਹੈ?

ਉਦਾਹਰਣ: ਤੁਸੀਂ ਸ਼ੈਤਾਨ ਤੋਂ ਇੱਕ ਝੂਠ ਸੁਣਦੇ ਹੋ (ਕੋਈ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਗੰਦੇ ਹੋ) ਅਤੇ ਨਾਲ ਦੀ ਨਾਲ ਤੁਸੀਂ ਬਾਈਬਲ ਦੀ ਇੱਕ ਤੁਕ ਬਾਰੇ ਸੋਚਦੇ ਹੋ ਜਿੱਥੇ ਕਿਹਾ ਗਿਆ ਹੈ ਕਿ ਤੁਸੀਂ ਪ੍ਰਮਾਤਮਾ ਤੇ ਉਸਦੀ ਰਚਨਾ ਲਈ ਖਾਸ ਹੋ।

3. ਰੂਹਾਨੀ ਤਲਵਾਰ ਦੀ ਗ਼ਲਤ ਵਰਤੋਂ ਕਿਵੇਂ ਹੋ ਸਕਦੀ ਹੈ?

ਜਦੋਂ ਈਸਾਈ ਭੁੱਲ ਜਾਂਦੇ ਹਨ ਕਿ ਆਪਣੇ ਦੋਸ਼ ਦੀ ਘੋਸ਼ਣਾ ਕਰਨਾ ਇੱਕ ਪਵਿੱਤਰ ਰੂਹ ਦਾ ਕੰਮ ਹੈ, ਅਤੇ ਉਹ ਦੂਜੇ ਈਸਾਈ 'ਤੇ ਬਾਈਬਲ ਦੀਆਂ ਤੁਕਾਂ ਨਾਲ ਹਮਲਾ ਕਰਦੇ ਹਨ। ਜਦੋਂ ਪਵਿੱਤਰ ਰੂਹ ਪਾਪ ਦਾ ਦੋਸ਼ ਮੰਨਦਾ ਹੈ, ਤਾਂ ਉਹ ਸ਼ਕਤੀ ਤੇ ਤਾਕਤ ਦਿੰਦਾ ਹੈ ਅਤੇ ਉਸਨੂੰ ਖੁਸ਼ ਕਰਨ ਲਈ ਜਿਉਣ 'ਚ ਮਦਦ ਕਰਦਾ ਹੈ।

4. ਪੈਂਟੇਕੋਸਟ ਦੇ ਦਿਨ ਜੇਰੂਸਲੱਮ 'ਚ ਪੀਟਰ ਨੇ ਜੋ ਵੀ ਕਿਹਾ ਉਸਦੇ ਕਰਕੇ ਕਿੰਨੇ ਲੋਕ ਈਸਾਈ ਬਣੇ?

ਕਰੀਬ 3,000


5. ਇਹ ਨਵੇਂ ਈਸਾਈ ਮਸੀਹ ਨੂੰ ਫੌਲੋ ਕਰਨ ਜਾ ਰਹੇ ਸਨ ਉਹਨਾਂ ਨੇ ਇਹ ਦਿਖਾਉਣ ਲਈ ਕੀ ਕੀਤਾ?

ਉਹਨਾਂ ਦਾ ਈਸਾਈ ਬਣਨ ਦੇ ਸਮੇਂ ਜਲ ਸੰਸਕਾਰ ਕੀਤਾ ਗਿਆ ਸੀ।

## ਗੇਮ: ਕੋਡ - ਪਾਠ 9

ਸਮੱਗਰੀ

ਸੁੱਕੀ ਬਰਫ ਦੇ ਕੁਝ ਟੁਕੜੇ, ਡਿਸਪੋਜ਼ੇਬਲ ਪਲੇਟਾਂ।



ਗੇਮ ਖੇਡਣਾ


"ਤੁਹਾਨੂੰ ਕੀ ਲੱਗਦਾ ਹੈ ਕਿ ਬਿਨਾਂ ਆਪਣੇ ਹੱਥ ਵਰਤੇ ਸੁੱਕੀ ਬਰਫ ਨੂੰ ਕਮਰੇ ਦੇ ਦੂਜੇ ਪਾਸੇ ਕਿਵੇਂ ਲੈ ਜਾਇਆ ਜਾ ਸਕਦਾ ਹੈ? ਰੋਜ਼ਾਨਾ ਅਸੀਂ ਚੀਜ਼ਾਂ ਕਰਨ ਲਈ ਤੇ ਕਹਿਣ ਲਈ ਸਭ ਤੋਂ ਵਧੀਆ ਤਰੀਕੇ ਬਾਰੇ ਸੋਚਦੇ ਹਾਂ ਤੇ ਫੈਸਲੇ ਕਰਦੇ ਹਾਂ। ਪ੍ਰਮਾਤਮਾ ਇਹ ਫੈਸਲੇ ਲੈਣ 'ਚ ਸਾਡੀ ਮਦਦ ਕਰਦਾ ਹੈ - ਤੁਕਾਂ ਨੂੰ ਯਾਦ ਕਰਨ 'ਚ ਤੇ ਅਭਿਆਸ ਕਰਨ 'ਚ।"

1. ਬਿਨਾਂ ਆਪਣੇ ਹੱਥ ਵਰਤੇ ਸੁੱਕੀ ਬਰਫ ਨੂੰ ਕਮਰੇ ਦੇ ਦੂਜੇ ਪਾਸੇ ਲੈ ਜਾਣ ਦੇ ਵੱਖੋ-ਵੱਖ ਤਰੀਕੇ ਦਿਖਾਓ (ਜਾਂ ਹੈਲਪਰ ਨੂੰ ਦਿਖਾਉਣ ਲਈ ਕਹੋ) ... ਅਤੇ ਸਿਰਫ ਪਲੇਟ ਨੂੰ ਪੱਖੇ ਦੇ ਤੌਰ 'ਤੇ ਵਰਤ ਸਕਦੇ ਹੋ। (ਥੋੜ੍ਹੀ ਤੇ ਤੇਜ਼ ਹਲਚਲ ਕਰਦੇ ਹੋਏ ਜਾਂ ਬਹੁਤੀ ਹਲਚਲ ਕਰਦੇ ਹੋਏ, ਆਦਿ।)

2. ਵਿਦਿਆਰਥੀਆਂ ਨੂੰ ਗਰੁੱਪਾਂ 'ਚ ਪਾਓ ਹਰ ਗਰੁੱਪ 'ਚ 6 ਤੋਂ ਵੱਧ ਨਾ ਹੋਣ। ਗਰੁੱਪਾਂ ਨੂੰ ਖੇਡਣ ਵਾਲੀ ਜਗ੍ਹਾ ਦੇ ਇੱਕ ਪਾਸੇ 'ਤੇ ਲਾਈਨ 'ਚ ਖੜ੍ਹੇ ਕਰੋ। ਹਰ ਲਾਈਨ ਦੇ ਪਹਿਲੇ ਬੱਚੇ ਨੂੰ ਇੱਕ ਪਲੇਟ ਦਿਓ ਤੇ ਸੁੱਕੀ ਬਰਫ ਦਾ ਇੱਕ ਟੁਕੜਾ ਦਿਓ।

3. ਜਦੋਂ ਅਧਿਆਪਕ ਕਹਿੰਦਾ ਹੈ, ਤਾਂ ਪਹਿਲਾਂ ਬੱਚਾ ਸੁੱਕੀ ਬਰਫ ਨੂੰ ਕਮਰੇ ਦੇ ਦੂਜੇ ਪਾਸੇ ਲੈ ਜਾਣਾ ਸ਼ੁਰੂ ਕਰ ਦਿੰਦਾ ਹੈ ਉਹ ਵੀ ਬਿਨਾਂ ਹੱਥ ਲਾਏ। ਜਦੋਂ ਉਹ ਦੂਜੇ ਪਾਸੇ ਕੰਧ ਕੋਲ ਪਹੁੰਚ ਜਾਂਦੇ ਹਨ, ਉਹ ਸੁੱਕੀ ਬਰਫ ਨੂੰ ਆਪਣੇ ਹੱਥਾਂ ਨਾਲ ਉਠਾਉਂਦੇ ਹਨ, ਅਤੇ ਉਹ ਅਗਲੇ ਵਿਦਿਆਰਥੀ ਨੂੰ ਪਲੇਟ ਦੇਣ ਲਈ ਵਾਪਸ ਭੱਜਦੇ ਹਨ।

## ਬੁਝਾਰਤ ਦੇ ਉੱਤਰ - ਪਾਠ ੯



| | | | | | | | | | | |
|---|---|---|---|---|---|---|---|---|---|---|
| ਦੂ | ਮੈ | ਸ | ਜੋ | ਜ਼ਿੰ | ਖੁ | ਪ੍ਰ | ਲੱ | ਸ਼ੀ | ਜ਼ਿੰ | ਮੈ |
| ਜ਼ਿੰ | ਬਾ | ਦੀ | ਸ | ਰੂ | ਸ਼ੀ | ਯ | ਮਾ | ਯ | ਲੱ | ਰ |
| ਤ | ਹੂ | ਰਾ | ਕੀ | ਹੂ | ਸ | ਤ | ਸ | ਤ | ਟ | ਕੀ |
| ਯ | ਕੀ | ਸ | ਜ਼ਿ | ਗੀ | ਆ | ਲੱ | ਹੂ | ਪੀ | ਮਾ | ਹੂ |
| ਲੱ | ਯ | ਜ਼ਿੰ | ਦ | ਜ਼ਿੰ | ਸ | ਲੱ | ਮ | ਸ | ਮੈ | ਦਾ |
| ਹੂ | ਮੈ | ਜੂ | ਗੀ | ਸ | ਦਾ | ਰ | ਮ | ਤ | ਕਾ | ਰ |
| ਕੀ | ਮੈ | ਆ | ਯ | ਲੱ | ਜ਼ਿੰ | ਕੀ | ਹੂ | ਕੀ | ਆ | ਸ਼ੀ |
| ਸ | ਤ | ਸ਼ੀ | ਯ | ਸ | ਦਿ | ਮੈ | ਤਾ | ਆ | ਤ | ਮੈ |
| ਯ | ਤ | ਯ | ਸ | ਲੱ | ਲ | ਮੈ | ਮੈ | ਗਿ | ਆ | ਮੈ |
| ਮੈ | ਸ਼ੀ | ਆ | ਸ਼ੀ | ਹੂ | ਤ | ਮੈ | ਤ | ਜ਼ਿੰ | ਆ | ਸ |

# ਪਾਠ 10

## ਸਿਰਲੇਖ - ਪਾਠ 10

ਬਿਨਾਂ ਰੁਕੇ ਪ੍ਰਾਰਥਨਾ ਕਰੋ


## ਬਾਈਬਲ ਦੀ ਕਹਾਣੀ - ਪਾਠ 10

ਪੀਟਰ ਜੇਲ 'ਚੋਂ ਭੱਜ ਜਾਂਦਾ ਹੈ|

12:1-19 ਐਕਟ

## ਬੈਜ (ਇਨਸਿਗਨਿਅਸ) - ਪਾਠ 10

ਅੱਜ ਦੀ ਹਾਜ਼ਰੀ ਦਾ ਬੈਜ (ਇਨਸਿਗਨਿਅਸ):



ਜਿਸਨੇ ਪਿਛਲੇ ਹਫਤੇ ਦੀ "ਬੂਟ ਕੈਂਪ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਰਿਬਨ" ਮਿਲਦਾ ਹੈ:





ਜਿਸਨੇ ਪਿਛਲੇ ਹਫਤੇ ਐਕਟਸ ਵਿੱਚੋਂ "ਰੀਡਿੰਗ" ਅਸਾਈਨਮੈਂਟ ਪੂਰੀ ਕੀਤੀ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇਹ "ਸਿਤਾਰਾ" ਮਿਲਦਾ ਹੈ|




ਜਿਸਨੇ ਪਿਛਲੇ ਹਫਤੇ ਦੀ ਯਾਦਦਾਸ਼ਤ ਤੁਕ ਸੁਣਾਈ ਹੋਵੇਗੀ ਉਸ ਹਰ ਵਿਦਿਆਰਥੀ ਨੂੰ ਇੱਕ "ਸਿਤਾਰਾ" ਮਿਲਦਾ ਹੈ|




ਇਸ ਆਖ਼ਿਰੀ ਹਫਤੇ ਲਈ, ਹਰ ਵਿਦਿਆਰਥੀ ਅੱਜ ਹੋਮਵਰਕ ਕਰਕੇ ਅਤੇ ਪ੍ਰਾਰਥਨਾ ਕਰਕੇ 10ਵਾਂ ਹੋਮਵਰਕ ਰਿਬਨ ਕਮਾ ਸਕਦਾ ਹੈ| ਜੇਕਰ ਉਹਨਾਂ ਨੇ ਸਾਰੀਆਂ 9 ਅਸਾਇਨਮੈਂਟਾਂ ਪੂਰੀਆਂ ਕਰ ਲਈਆਂ, ਤਾਂ ਉਹਨਾਂ ਨੂੰ ਉਹਨਾਂ ਦਾ 10ਵਾਂ ਰੀਡਿੰਗ ਸਟਾਰ ਮਿਲ ਜਾਂਦਾ ਹੈ (ਪੜ੍ਹਨ ਲਈ ਸਟਾਰ)| ਜੇ ਉਹ ਕ੍ਰਮ ਅਨੁਸਾਰ ਸਾਰੀਆਂ ਯਾਦਦਾਸ਼ਤ ਤੁਕਾਂ ਯਾਦ ਕਰ ਲੈਣ ਅੱਜ ਦੀ ਤੁਕ ਦੇ ਸਮੇਤ, ਤਾਂ ਉਹਨਾਂ ਨੂੰ ਉਹਨਾਂ ਦਾ 10ਵਾਂ 'ਯਾਦਦਾਸ਼ਤ ਸਟਾਰ' ਮਿਲ ਜਾਂਦਾ ਹੈ|




## ਨਾਟਕ - ਪਾਠ 10

ਸਰਜੈਂਟ ਅੱਪਰਾਈਟ ਅਫਸਰ ਗਿਗਲ ਅਤੇ ਡੂਟੀ ਦੋਨਾਂ ਸਿਪਾਹੀਆਂ ਨੂੰ ਇੱਕ ਵਾਕੀ-ਟਾਕੀ (ਦੋ ਪਾਸੇ ਗੱਲ ਕਰਾਉਣ ਵਾਲਾ ਫੋਨ ਵਰਗਾ ਰੇਡੀਓ ਯੰਤਰ) ਦਿੰਦਾ ਹੈ| ਐਡਵਾਂਸਡ ਟਰੇਨਿੰਗ ਅਭਿਆਸ ਦੇ ਅੱਧ 'ਚ, ਗਿਗਲ ਅਤੇ ਡੂਟੀ ਸਿਪਾਹੀ ਇੱਕ ਮੋਰੇ 'ਚ ਫਸ ਜਾਂਦੇ ਹਨ| ਡੂਟੀ ਸੁਝਾਅ ਦਿੰਦਾ ਹੈ ਕਿ ਮਦਦ ਮੰਗਣ ਲਈ ਵਾਕੀ-ਟਾਕੀ ਨੂੰ ਵਰਤਿਆ ਜਾਵੇ| ਗਿਗਲ ਪਹਿਲਾਂ ਤਾਂ ਮਨ੍ਹਾਂ ਕਰ ਦਿੰਦੀ ਹੈ, ਇਹ ਕਹਿੰਦੀ ਹੋਈ ਕਿ ਉਹ ਆਪਣੇ ਦਮ 'ਤੇ ਕਰ ਸਕਦੇ ਹਨ| ਥੋੜ੍ਹੇ ਚਿਰ ਬਾਅਦ, ਉਹ ਵਾਕੀ-ਟਾਕੀ ਖੋਲ੍ਹਦੇ ਹਨ ਅਤੇ ਪ੍ਰਮਾਤਮਾ ਨਾਲ ਗੱਲ ਕਰਦੇ ਹਨ| ਸਰਜੈਂਟ ਅੱਪਰਾਈਟ ਅਫਸਰ ਅਚਾਨਕ ਹੀ ਦ੍ਰਿਸ਼ 'ਚ ਸਾਹਮਣੇ ਆਉਂਦਾ ਹੈ ਅਤੇ ਦੁਸ਼ਮਣ ਦਾ ਪਿੱਛਾ ਕਰਦਾ ਹੈ|

## ਯਾਦਦਾਸ਼ਤ ਤੁਕ - ਪਾਠ 10

"ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ ਅਤੇ ਇਹ ਦੇ ਨੱਮਿਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ" ਅਫ਼ਸੀਆਂ ਨੂੰ 6:18

## ਮੁੱਖ ਪਾਠ - ਪਾਠ 10

**12:1-19 ਐਕਟ**

ਪ੍ਰਾਰਥਨਾ ਉਹ ਦੂਜਾ ਹਥਿਆਰ ਹੈ ਦੁਸ਼ਮਣ ਖਿਲਾਫ ਹਮਲਾ ਕਰਨ ਲਈ ਵਰਤ ਸਕਦੇ ਹਾਂ। ਅਤੇ ਰੱਖਿਆ ਕਰਨ ਲਈ ਵੀ ਇਸਦੀ ਵਰਤੋਂ ਕੀਤੀ ਜਾ ਸਕਦੀ ਹੈ। ਪ੍ਰਾਰਥਨਾ ਦੀ ਮਦਦ ਨਾਲ ਅਸੀਂ ਲੜਾਈਆਂ ਲੜ ਸਕਦੇ ਹਾਂ, ਪਰਮੇਸ਼ੁਰ ਤੋਂ ਬੁੱਧੀ ਲੈ ਸਕਦੇ ਹਾਂ ਕਿ ਕਿਵੇਂ ਸਭ ਕਰਨਾ ਹੈ, ਸਵਰਗ 'ਚ ਸਾਡੇ ਲਈ ਲੜਨ ਲਈ ਦੇਵਦੂਤ ਛੱਡ ਸਕਦੇ ਹਾਂ, ਅਤੇ ਇਹ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਅਸੀਂ ਕਿਸਦੇ ਖਿਲਾਫ ਹਾਂ।

ਅੱਜ ਦੀ ਬਾਈਬਲ ਦੀ ਕਹਾਣੀ ਵਿੱਚ, ਅਸੀਂ ਪੀਟਰ ਨੂੰ ਜੇਲ 'ਚ ਦੇਖਦੇ ਹਾਂ ਜਿਸ ਸਮੇਂ ਪੂਰੀ ਚਰਚ ਉਸਦੇ ਲਈ ਪ੍ਰਾਰਥਨਾ ਕਰ ਰਹੀ ਸੀ। ਜਿਵੇਂ ਹੀ ਉਹ ਪ੍ਰਾਰਥਨਾ ਕਰਦੇ ਹਨ, ਪ੍ਰਮਾਤਮਾ ਜੇਲ 'ਚ ਪੀਟਰ ਨੂੰ ਮੁਕਤ ਕਰਾਉਣ ਲਈ ਇੱਕ ਦੇਵਦੂਤ ਭੇਜ ਦਿੰਦਾ ਹੈ! ਦੇਵਦੂਤ ਉਸਨੂੰ ਜੇਲ 'ਚੋਂ ਬਾਹਰ ਕੱਢ ਦਿੰਦਾ ਹੈ, ਗਲੀ 'ਚੋਂ ਹੁੰਦਾ ਹੋਇਆ ਪੀਟਰ ਘਰੇ ਵਾਪਸ ਪਰਤਦਾ ਹੈ ਜਿੱਥੇ ਮਸੀਹ 'ਚ ਭਰਾ ਤੇ ਭੈਣ ਪ੍ਰਾਰਥਨਾ ਕਰ ਰਹੇ ਹਨ। ਉਹਨਾਂ ਨੇ ਤਾਂ ਪੀਟਰ ਨੂੰ ਦਰਵਾਜਾ ਵੀ ਨਹੀਂ ਖੋਲ੍ਹਿਆ ਕਿਉਂਕਿ ਉਹ ਤਾਂ ਯਕੀਨ ਹੀ ਨਹੀਂ ਕਰ ਸਕਦੇ ਸਨ ਕਿ ਇਹ ਸੱਚੀਂ ਹੀ ਪੀਟਰ ਸੀ! ਉਹ ਉਸਦੀ ਮੁਕਤੀ ਲਈ ਪ੍ਰਾਰਥਨਾ ਕਰ ਰਹੇ ਸਨ, ਪਰ ਉਹ ਇਹ ਦੇਖਕੇ ਹੈਰਾਨ ਹੀ ਰਹਿ ਗਏ ਕਿ ਇਹ ਸੱਚੀਂ ਹੋ ਗਿਆ! ਬਹੁਤ ਵਾਰੀ, ਤੁਸੀਂ ਤੇ ਮੈਂ ਪ੍ਰਾਰਥਨਾ ਕਰਦੇ ਹਾਂ, ਪਰ ਜਦੋਂ ਪ੍ਰਮਾਤਮਾ ਸਾਡੀ ਪ੍ਰਾਰਥਨਾ ਦਾ ਉੱਤਰ ਦਿੰਦਾ ਹੈ ਅਤੇ ਸਾਡੀ ਮਦਦ ਕਰਨ ਲਈ ਆਉਂਦਾ ਹੈ ਤਾਂ ਅਸੀਂ ਹੈਰਾਨ ਹੋ ਜਾਂਦੇ ਹਾਂ। ਉਹ ਸਾਨੂੰ ਪ੍ਰਾਰਥਨਾ ਕਰਨ ਲਈ ਕਹਿੰਦਾ ਹੈ ਅਤੇ ਸਾਡੀ ਮਦਦ ਕਰਨ ਦਾ ਵਾਅਦਾ ਕਰਦਾ ਹੈ। ਕਵਚ ਦਾ ਇਹ ਇੱਕ ਹਿੱਸਾ ਹੈ ਜੋ ਤੁਹਾਨੂੰ ਰੋਜ਼ਾਨਾ ਕਰਨਾ ਚਾਹੀਦਾ ਹੈ ਜੇ ਤੁਸੀਂ ਇਸਨੂੰ ਰੋਜ਼ਾਨਾ ਵਰਤਣਾ ਚਾਹੁੰਦੇ ਹੋ। ਪ੍ਰਾਰਥਨਾਂ ਚੀਜ਼ਾਂ ਨੂੰ ਬਦਲ ਦਿੰਦੀ ਹੈ! ਆਪਣੀ ਲੜਾਈ 'ਚ ਲਗਾਤਾਰ ਪ੍ਰਾਰਥਨਾ ਕਰਦੇ ਰਹੋ ਕਿਉਂਕਿ ਸਾਨੂੰ ਇਸਦੀ ਅੱਜ ਲੜਾਈ ਵਿੱਚ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ।

## ਬੂਟ ਕੈਂਪ - ਪਾਠ 10

**ਅਸਾਈਨਮੈਂਟ - ਪਾਠ 10**



ਆਦਤਾਂ ਨੂੰ ਪੱਕੇ ਕਰਨ ਲਈ 21 ਦਿਨਾਂ ਤੱਕ ਰੋਜ਼ਾਨਾ ਕੰਮ ਕਰਨਾ ਪੈਂਦਾ ਹੈ। ਹਰ ਸ਼ਾਮ ਬੈੱਡ 'ਤੇ ਆਉਂਦੇ ਹੀ ਪ੍ਰਾਰਥਨਾ ਕਰਨੀ ਸ਼ੁਰੂ ਕਰੋ। ਕੋਈ ਗੱਲ ਨੀ ਜੇ ਇਹ ਛੋਟੀ ਜਿਹੀ ਪ੍ਰਾਰਥਨਾ ਹੋਵੇ, ਪਰ ਤੁਸੀਂ ਕੋਈ ਵੀ ਦਿਨ ਛੱਡ ਨਹੀਂ ਸਕਦੇ। ਜੇ ਤੁਸੀਂ ਕਿਸੇ ਦਿਨ ਛੱਡ ਦਿੰਦੇ ਹੋ, ਤਾਂ ਸਵੇਰੇ ਸੁੱਤੇ ਉੱਠਣ ਤੋਂ ਪਹਿਲਾਂ ਤੱਕ ਦੋ ਵਾਰ ਪ੍ਰਾਰਥਨਾ ਕਰੋ। ਆਪਣੇ ਬੈੱਡ ਨੂੰ ਆਪਣੀ ਪ੍ਰਾਰਥਨਾ ਕਰਨ ਵਾਲੀ ਜਗ੍ਹਾ ਬਣਾਓ। ਜਦੋਂ ਤੁਸੀਂ 21 ਦਿਨ ਪ੍ਰਾਰਥਨਾ ਕਰ ਲਵੋਂ ਤਾਂ ਆਪਣੇ ਆਪ ਨੂੰ ਇਨਾਮ ਦਿਓ।

**ਹੋਮਵਰਕ (ਵੱਡੇ ਵਿਦਅ ਾਰਥੀ) - ਪਾਠ 10**

ਇਸ ਹਫਤੇ ਕੋਈ ਪੜ੍ਹਨ ਵਾਲੀ ਅਸਾਇਨਮੈਂਟ ਮਤਲਬ ਰੀਡਿੰਗ ਅਸਾਇਨਮੈਂਟ ਨਹੀਂ ਹੈ

## ਪਾਵਰਪੁਆਇੰਟ / ਫੈਸਲਾ - ਪਾਠ 10

"ਮੈਂ ਹਮੇਸ਼ਾ ਪ੍ਰਾਰਥਨਾ ਕਰਾਂਗਾ, ਇਹ ਯਾਦ ਰੱਖਦੇ ਹੋਏ ਕਿ ਲੜਾਈ ਰੂਹਾਨੀ ਹੈ।"

## ਪ੍ਰਸ਼ਨ ਅਤੇ ਉੱਤਰ - ਪਾਠ 10

1. "ਪ੍ਰਮਾਤਮਾ ਦਾ ਕਵਚ" 'ਚ ਪ੍ਰਾਰਥਨਾ ਕਿਉਂ ਸ਼ਾਮਿਲ ਹੈ?

ਪ੍ਰਾਰਥਨਾ ਤੁਹਾਨੂੰ ਜਾਂ ਤੁਹਾਡੇ ਦੋਸਤਾਂ ਨੂੰ ਤਾਕਤ ਦੇ ਸਕਦੀ ਹੈ, ਅਤੇ ਪ੍ਰਾਰਥਨਾ ਤੁਹਾਡੇ ਪ੍ਰਮਾਤਮਾ ਅਤੇ ਦੁਸ਼ਮਣਾਂ ਦਾ ਦਿਮਾਗ ਵੀ ਬਦਲ ਸਕਦੀ ਹੈ।

2. ਦੁਸ਼ਮਣ ਤੋਂ ਬਚਣ ਲਈ ਪ੍ਰਾਰਥਨਾ ਕਰਨ ਦੀ ਕਿਹੜੀ ਇੱਕ ਉਦਾਹਰਣ ਹੈ ਅਤੇ ਪ੍ਰਾਰਥਨਾ ਦੀ ਮਦਦ ਨਾਲ ਦੁਸ਼ਮਣ 'ਤੇ ਹਮਲਾ ਕਾਰਨ ਦੀ ਕਿਹੜੀ ਇੱਕ ਉਦਾਹਰਣ ਹੈ?

ਰੱਖਿਆ: ਬੇਨਤੀਆਂ ਜਿਵੇਂ ਕਿ ਬਹਾਦੁਰ ਬਣਨ ਲਈ ਜਾਂ ਮਦਦ ਮੰਗਣ ਲਈ ਕੀਤੀਆਂ ਗਈਆਂ ਪ੍ਰਾਰਥਨਾਂਵਾਂ। ਤੇ ਹਾਂ, ਤੁਹਾਡੇ ਖਿਲਾਫ ਰੂਹਾਨੀ ਸ਼ਕਤੀਆਂ ਨੇ ਜੋ ਝੂਠ ਬੋਲਿਆ ਹੈ ਤੇ ਹਮਲਾ ਕੀਤਾ ਹੈ ਉਸਨੂੰ ਪਛਾਣੋ। ਈਸਾ ਮਸੀਹ ਦੇ ਨਾਮ ਲੈਕੇ ਉਹਨਾਂ ਦਾ ਵਿਰੋਧ ਕਰੋ।

ਹਮਲਾ ਕਰਨਾ: ਦੂਜਿਆਂ ਦੀ ਰੱਖਿਆ ਲਈ ਪ੍ਰਾਰਥਨਾ ਕਰਨਾ, ਮਸੀਹ ਨੂੰ ਦੇਖਣ ਤੇ ਜਾਣਨ ਲਈ ਇੱਕ ਸ਼ਹਿਰ ਲਈ ਪ੍ਰਾਰਥਨਾ ਕਰਨਾ, ਜਾਂ ਕਿਸੇ ਮੂਰਤੀ ਜਾਂ ਪ੍ਰਮਾਤਮਾ ਖਿਲਾਫ ਪ੍ਰਾਰਥਨਾ ਕਰਨਾ।

3. ਜੇਕਰ ਪ੍ਰਮਾਤਮਾ ਦੇ ਹਰ ਚੀਜ਼ ਕੰਟਰੋਲ 'ਚ ਹੈ ਤਾਂ ਉਹ ਸਾਨੂੰ ਉਸਦੇ ਲਈ ਪ੍ਰਾਰਥਨਾ ਕਰਨ ਲਈ ਕਿਉਂ ਕਹਿੰਦਾ ਹੈ ਜਦੋਂ ਕਿ ਉਹ ਪਹਿਲਾਂ ਤੋਂ ਹੀ ਜਾਣਦਾ ਹੈ ਕਿ ਕੀ ਹੋਣ ਵਾਲਾ ਹੈ?

ਕਿਉਂਕਿ ਤੁਸੀਂ ਇਹ ਨਿਰਧਾਰਤ ਕਰਨ 'ਚ ਮਦਦ ਕਰਦੇ ਹੋ ਕਿ ਕੀ ਹੋਵੇਗਾ। ਤੁਹਾਡੀਆਂ ਪ੍ਰਾਰਥਨਾਂਵਾਂ ਤੁਹਾਡੀ ਜ਼ਿੰਦਗੀ ਅਤੇ ਤੁਹਾਡੇ ਨਾਜ਼ਦੀਕ ਦੇ ਲੋਕਾਂ ਦੀ ਜ਼ਿੰਦਗੀ 'ਚ ਵੱਡਾ ਫਰਕ ਪਾਉਂਦੀਆਂ ਹਨ।

4. ਉਹ ਕਿਹੜੇ ਦੋ ਹਮਲਾ ਕਰਨ ਵਾਲੇ ਹਥਿਆਰ ਹਨ ਜੋ ਅਸੀਂ ਵਰਤ ਸਕਦੇ ਹਾਂ?

ਪ੍ਰਾਰਥਨਾ ਅਤੇ ਰੂਹਾਨੀ ਤਲਵਾਰ, ਜੋ ਪ੍ਰਮਾਤਮਾ ਦੇ ਬਚਨ ਹਨ।

5. ਜਦੋਂ ਪੀਟਰ ਨੇ ਮੈਰੀ ਦਾ ਦਰਵਾਜ਼ਾ ਖੜਕਾਇਆ ਤਾਂ ਦਰਵਾਜ਼ੇ 'ਤੇ ਕੌਣ ਆਇਆ?

ਰੋਡ੍ਹਾ, ਇੱਕ ਨੌਕਰਾਣੀ।

## ਗੇਮ: ਅਚਾਨਕ ਹਮਲਾ - ਪਾਠ 10

**ਜਾਣ ਪਛਾਣ**



ਅਸੀਂ ਪ੍ਰਾਰਥਨਾ ਨਾਰਾਜ਼ਗੀ ਦਿਖਾਉਣ ਲਈ ਜਾਂ ਰੱਖਿਆ ਮੰਗਣ ਲਈ ਕਰਦੇ ਹਾਂ। ਤੇ ਹਾਂ, ਇਸ ਗੇਮ ਵਿਚ, ਕਾਗਜ਼ ਇਕੱਠੇ ਕਰਨ ਲਈ ਸਾਨੂੰ ਅੱਗੇ ਵਧਣਾ ਪਵੇਗਾ, ਉਸੇ ਸਮੇਂ 'ਤੇ ਸਾਨੂੰ ਆਪਣੇ ਪਿੱਛੇ ਵੀ ਧਿਆਨ ਰੱਖਣਾ ਪਵੇਗਾ।

**ਸਮੱਗਰੀ**

ਕਾਗਜ਼ (ਲੈਟਰ ਸਾਈਜ਼ ਦਾ ਕਾਗਜ਼ ਜੋ 4 ਚੌਰਸਾਂ 'ਚ ਕੱਟਿਆ ਹੋਵੇ - ਤੁਹਾਡੇ ਕਲਾਸ ਦੇ ਹਰ ਵਿਦਿਆਰਥੀ ਲਈ ਇੱਕ ਚੌਥਾ ਹਿੱਸਾ), ਟੇਪ।

**ਗੇਮ ਖੇਡਣਾ**

1. ਹਰ ਵਿਦਿਆਰਥੀ ਦੇ ਪਿੱਛੇ ਇੱਕ ਕਾਗਜ਼ ਦਾ ਟੁਕੜਾ ਪਾ ਦਿਓ।
2. ਜਦੋਂ ਅਧਿਆਪਕ ਕਹਿੰਦਾ ਹੈ, ਵਿਦਿਆਰਥੀ ਦੂਜੇ ਵਿਦਿਆਰਥੀਆਂ ਦੇ ਪਿੱਛੋਂ ਕਾਗਜ਼ ਲੈਣ ਦੀ ਕੋਸ਼ਿਸ਼ ਕਰਦੇ ਹਨ। ਵਿਦਿਆਰਥੀ ਆਪਣੇ ਕਾਗਜ਼ ਨੂੰ ਬਚਾਏ ਰੱਖਣ ਲਈ ਹੱਥ ਨਹੀਂ ਲਾ ਸਕਦੇ। ਪਰ ਉਹ ਇਹ ਧਿਆਨ ਰੱਖ ਸਕਦੇ ਹਨ ਕਿ ਕੋਈ ਉਹਨਾਂ ਦੇ ਛੋਟੇ ਜਿਹੇ ਕਾਗਜ਼ ਦੇ ਟੁਕੜੇ ਨੂੰ ਕਿਤੇ ਚੋਰੀ ਨਾ ਕਰ ਲਵੇ।

3. ਜਦੋਂ ਕੋਈ ਕਿਸੇ ਵਿਦਿਆਰਥੀ ਦਾ ਕਾਗਜ਼ ਖਿੱਚ ਲੈਂਦਾ ਹੈ, ਤਾਂ ਉਸ ਵਿਦਿਆਰਥੀ ਨੂੰ ਆਪਣੇ ਸਾਰੇ ਇਕੱਠਾ ਕੀਤੇ ਹੋਏ ਕਾਗਜ਼ ਉਸਨੂੰ ਦੇਣੇ ਪੈਣਗੇ, ਅਤੇ ਉਹ ਦੋਬਾਰਾ ਕੰਧ ਕੋਲ ਜਾਕੇ ਸ਼ੁਰੂ ਤੋਂ ਸ਼ੁਰੂ ਕਰੇਗਾ।

4. ਉਨਾ ਸਮਾਂ ਜਾਰੀ ਰੱਖੋ ਜਦੋਂ ਤੱਕ ਕਿ ਇੱਕ ਵਿਦਿਆਰਥੀ ਵਿਚਕਾਰ 'ਚ ਸਾਰੇ ਕਾਗਜ਼ ਨਾ ਲੈਕੇ ਖੜ੍ਹਾ ਹੋਵੇ। ਕਾਗਜ਼ ਦੋਬਾਰਾ ਵੰਡੋ ਅਤੇ ਫਿਰ ਖੇਡੋ।

**ਔਪਸ਼ਨ**

ਕਾਗਜ਼ ਤੇ ਟੇਪ ਦੀ ਬਜਾਏ, ਤੁਸੀਂ ਕੱਪੜੇ ਦੇ ਟੁਕੜੇ ਵਰਤ ਸਕਦੇ ਹੋ ਜੋ ਲੰਮੇ ਤੇ ਪਤਲੇ ਹੋਣ, ਅਤੇ ਵਿਦਿਆਰਥੀ ਉਹਨਾਂ ਨੂੰ ਆਪਣੀ ਬੈਲਟ 'ਚ ਪਾਉਂਦੇ ਹਨ।

## ਬੁਝਾਰਤ ਦੇ ਉੱਤਰ - ਪਾਠ 10

ਹੇਠ ਆਈਡੀਏ ਦਿੱਤੇ ਹਨ। ਵੱਖ-ਵੱਖ ਉੱਤਰ ਸਵੀਕਾਰ ਕਰੋ।

ਇਹਨਾਂ ਚੀਜ਼ਾਂ ਲਈ ਪ੍ਰਾਰਥਨਾ ਕਰੋ: ਪਰਿਵਾਰ, ਖਾਣ-ਪੀਣ, ਚਰਚ, ਬੀਮਾਰੀ, ਬੁੱਧੀ।

ਪ੍ਰਾਰਥਨਾ ਦੀ ਉਦਾਹਰਣ: ਪਿਤਾ-ਪ੍ਰਮਾਤਮਾ ਤੁਹਾਡਾ ਬਹੁਤ-ਬਹੁਤ ਧੰਨਵਾਦ ਜੋ ਤੁਸੀਂ ਮੈਨੂੰ ਤੇ ਮੇਰੇ ਪਰਿਵਾਰ ਨੂੰ ਜ਼ਿੰਦਗੀ ਦਾ ਇੱਕ ਹੋਰ ਦਿਨ ਦਿੱਤਾ। ਕਿਰਪਾ ਕਰਕੇ ਮੇਰੇ ਪਿਤਾ ਜੀ ਦੀ ਮਦਦ ਕਰੋ। ਆਮੀਨ। (ਵੱਖ-ਵੱਖ ਉੱਤਰ ਸਵੀਕਾਰ ਕਰੋ)


ਪ੍ਰਾਰਥਨਾ ਕਰਨ 'ਚ ਜਿਹੜੀਆਂ ਚੀਜ਼ਾਂ ਔਖ ਪੈਦਾ ਕਰਦੀਆਂ ਹਨ: ਨੀਂਦ ਆਉਣ ਲੱਗ ਜਾਂਦੀ ਹੈ, ਦੋਸਤਾਂ ਨਾਲ ਵਿਅਸਤ ਹੋ ਜਾਂਦਾ ਹਾਂ, ਸੁੱਤਾ ਲੇਟ ਉੱਠਦਾ ਹਾਂ, ਹੋਮਵਰਕ ਤੇ ਘਰ ਦੇ ਕੰਮ ਵੀ ਕਰਨੇ ਹੁੰਦੇ ਹਨ।











# ਮੇਰੀ ਕਲਾਸ ਦਾ ਚਾਰਟ

| ਬੈਜ (ਇਨਸਿਗਨਿਅਸ) ਅਤੇ ਵੱਖਰੀ ਪਛਾਣ | ਪਾਠ 1 | ਪਾਠ 2 | ਪਾਠ 3 | ਪਾਠ 4 | ਪਾਠ 5 | ਪਾਠ 6 | ਪਾਠ 7 | ਪਾਠ 8 | ਪਾਠ 9 | ਪਾਠ 10 | |
|---|---|---|---|---|---|---|---|---|---|---|---|
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |



| | | | | | | | | | | | |
|---|---|---|---|---|---|---|---|---|---|---|---|
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |
| ਵਿਦਿਆਰਥੀ: | | | | | | | | | | | ਹਾਜ਼ਰੀ |
| | | | | | | | | | | | ਪੜ੍ਹਨਾ |
| | | | | | | | | | | | ਯਾਦ ਕਰਨਾ |
| | | | | | | | | | | | ਹੋਮਵਰਕ |

ਜੇ ਤੁਹਾਡੇ ਕੋਲ 10 ਤੋਂ ਵੱਧ ਵਿਦਿਆਰਥੀ ਹਨ ਤਾਂ ਇਸ ਪੇਜ ਦੀਆਂ ਫੋਟੋਕਾਪੀਆਂ ਕਢਾਓ।